Friday, March 27, 2026

# ਪੰਜਾਬੀ ਜਰਨਲ

# PUNJABI JOURNAL

ਚੇਤ 14, ਨਾਨਕਸ਼ਾਹੀ ਸੰਮਤ: 557 | Volume: 20, Issue: 13| Ph: 604-312-5678
www.punjabijournal.ca, Email: punjabijournal@gmail.com

WCC WESTERN COMMUNITY COLLEGE

ABBOTSFORD
Unit 201, 3670 Townline Rd Abbotsford, BC

SURREY
Unit 201 8318 120 St Surrey, BC

SOUTH SURREY
Unit 204, 15850 24 Avenue, Surrey, BC 0G1

wcc.ca | Tel : 604.594.3500

## ਕੈਨੇਡਾ ਵਿਚ ਸਟੱਡੀ ਵੀਜ਼ਾ ’ਤੇ ਆਏ ਪੰਜਾਬੀਆਂ ਲਈ ਵੱਜੀ ਖਤਰੇ ਦੀ ਘੰਟੀ

**ਓਟਵਾ**: ਸਟੱਡੀ ਵੀਜ਼ਾ ’ਤੇ ਕੈਨੇਡਾ ਆਏ ਹਜ਼ਾਰਾਂ ਪੰਜਾਬੀ ਨੌਜਵਾਨਾਂ ਲਈ ਖ਼ਤਰੇ ਦੀ ਘੰਟੀ ਵੱਜ ਗਈ ਜਿਨ੍ਹਾਂ ਵਿਰੁੱਧ ਸ਼ਰਤਾਂ ਪੂਰੀਆਂ ਨਾ ਕਰਨ ਦੇ ਦੋਸ਼ ਸਾਬਤ ਹੋ ਚੁੱਕੇ ਹਨ ਅਤੇ ਹੁਣ ਇੰਮੀਗ੍ਰੇਸ਼ਨ ਮਹਿਕਮਾ ਕਿਸੇ ਵੀ ਵੇਲੇ ਵੱਡੀ ਕਾਰਵਾਈ ਕਰ ਸਕਦਾ ਹੈ। ਜੀ ਹਾਂ, ਹਾਊਸ ਆਫ਼ ਕਾਮਨਜ਼ ਵਿਚ ਪੇਸ਼ ਆਡੀਟਰ ਜਨਰਲ ਦੀ ਰਿਪੋਰਟ ਹੈ ਕਹਿੰਦੀ ਹੈ ਕਿ 1 ਲੱਖ 53 ਹਜ਼ਾਰ 324 ਕੌਮਾਂਤਰੀ ਵਿਦਿਆਰਥੀ ਨਿਯਮ ਅਤੇ ਸ਼ਰਤਾਂ ਦੀ ਕਸੌਟੀ ’ਤੇ ਖਰੇ ਨਹੀਂ ਉਤਰਦੇ ਪਰ ਇੰਮੀਗ੍ਰੇਸ਼ਨ ਮਹਿਕਮੇ ਦੀ ਢਿੱਲ-ਮੱਠ ਸਦਕਾ ਸਾਲ 2023 ਅਤੇ 2024 ਦੌਰਾਨ ਸਿਰਫ਼ 6 ਹਜ਼ਾਰ ਵਿਦਿਆਰਥੀਆਂ ਵਿਰੁੱਧ ਹੀ ਪੜਤਾਲ ਕੀਤੀ ਗਈ। 1,654 ਵਿਦਿਆਰਥੀਆਂ ਨੇ ਇੰਮੀਗ੍ਰੇਸ਼ਨ ਮਹਿਕਮੇ ਵੱਲੋਂ ਭੇਜੀ ਮੇਲ ਦਾ ਕੋਈ ਜਵਾਬ ਹੀ ਨਾ ਦਿਤਾ ਅਤੇ ਵਿਭਾਗ ਨੇ ਕੋਈ ਕਾਰਵਾਈ ਕਰਨੀ ਵਾਜਬ ਨਾ ਸਮਝੀ।

ਰਿਪੋਰਟ ਵਿਚ ਉਨ੍ਹਾਂ 800 ਪੰਜਾਬੀ ਵਿਦਿਆਰਥੀਆਂ ਦਾ ਖ਼ਾਸ ਤੌਰ ’ਤੇ ਜ਼ਿਕਰ ਮਿਲਦਾ ਹੈ ਜੋ ਫ਼ਰਜ਼ੀ ਦਸਤਾਵੇਜ਼ਾਂ ਦੇ ਆਧਾਰ ’ਤੇ ਕੈਨੇਡਾ ਪੁੱਜੇ ਅਤੇ ਫ਼ਰਜ਼ੀ ਔਫ਼ਰ ਲੈਟਰ ਮੁਹੱਈਆ ਕਰਵਾਉਣ ਦੇ ਦੋਸ਼ ਹੇਠ ਭਾਰਤ ਨਾਲ ਸਬੰਧਤ ਇੰਮੀਗ੍ਰੇਸ਼ਨ ਸਲਾਹਕਾਰ ਬ੍ਰਜੇਸ਼ ਮਿਸ਼ਰਾ ਨੂੰ ਸਜ਼ਾ ਵੀ ਸੁਣਾਈ ਗਈ। ਆਡੀਟਰ ਜਨਰਲ ਦੀ ਰਿਪੋਰਟ ਮੁਤਾਬਕ ਧੋਖਾਧੜੀ ਕਰਨ ਵਾਲੇ ਜ਼ਿਆਦਾਤਰ ਵਿਦਿਆਰਥੀਆਂ ਨੇ ਬਾਅਦ ਵਿਚ ਇੰਮੀਗ੍ਰੇਸ਼ਨ ਪਰਮਿਟ ਵਾਸਤੇ ਅਰਜ਼ੀਆਂ ਦਾਖ਼ਲ ਕੀਤੀਆਂ ਅਤੇ ਅੱਧੇ ਤੋਂ ਵੱਧ ਵੀਜ਼ੇ ਹਾਸਲ ਕਰਨ ਵਿਚ ਸਫ਼ਲ ਰਹੇ। ਰਿਪੋਰਟ ਕਹਿੰਦੀ ਹੈ ਕਿ 800 ਵਿਚੋਂ 105 ਜਣਿਆਂ ਨੂੰ ਪਰਮਾਨੈਂਟ ਰੈਜ਼ੀਡੈਂਸੀ ਮਿਲ ਗਈ ਜਦਕਿ 351 ਜਣਿਆਂ ਦੇ ਸਟੱਡੀ ਵੀਜ਼ਾ ਜਾਂ ਆਰਜ਼ੀ ਵਰਕ ਪਰਮਿਟ ਦੀ ਮਿਆਦ ਵਧਾ ਦਿਤੀ ਗਈ। ਇਕ ਹੋਰ ਹੈਰਾਨਕੁੰਨ ਦਾਅਵੇ ਤਹਿਤ ਆਡੀਟਰ ਜਨਰਲ ਕੈਰਨ ਹੋਗਨ ਨੇ ਦੱਸਿਆ ਕਿ ਸਾਲ 2024 ਦੌਰਾਨ 5 ਲੱਖ 49 ਹਜ਼ਾਰ ਵਿਦਿਆਰਥੀਆਂ ਦੇ ਸਟੱਡੀ ਵੀਜ਼ਾ ਐਕਸਪਾਇਰ ਹੋਏ ਅਤੇ ਇਨ੍ਹਾਂ ਵਿਚੋਂ 93 ਫ਼ੀ ਸਦੀ ਨੂੰ ਕੈਨੇਡਾ ਵਿਚ ਰਹਿਣ ਦੀ ਇਜਾਜ਼ਤ ਦਿਤੀ ਗਈ।



ਸਿਰਫ਼ ਐਨਾ ਹੀ ਨਹੀਂ 39,500 ਜਣਿਆਂ ਦਾ ਕੋਈ ਇੰਮੀਗ੍ਰੇਸ਼ਨ ਸਟੇਟਸ ਨਾ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਕੈਨੇਡਾ ਵਿਚ ਰਹਿਣ ਦੀ ਇਜਾਜ਼ਤ ਦਿਤੀ ਗਈ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦਾ ਕਹਿਣਾ ਹੈ ਕਿ ਇਨ੍ਹਾਂ ਵਿਚੋਂ ਸਿਰਫ਼ 40 ਫ਼ੀ ਸਦੀ ਨੇ ਮੁਲਕ ਛੱਡਿਆ। ਹਾਊਸ ਆਫ਼ ਕਾਮਨਜ਼ ਵਿਚ ਰਿਪੋਰਟ ਪੇਸ਼ ਹੋਣ ਮਗਰੋਂ ਕੰਜ਼ਰਵੇਟਿਵ ਪਾਰਟੀ ਦੀ ਇੰਮੀਗ੍ਰੇਸ਼ਨ ਮਾਮਲਿਆਂ ਬਾਰੇ ਆਲੋਚਕ ਮਿਸ਼ੇਲ ਰੈਂਪਲ ਗਾਰਨਰ ਨੇ ਲਿਬਰਲ ਸਰਕਾਰ ਨੂੰ ਘੇਰਦਿਆਂ ਲੋੜੀਂਦੀ ਕਾਰਵਾਈ ਕਰਨ ਵਿਚ ਅਸਫ਼ਲ ਰਹਿਣ ਦਾ ਦੋਸ਼ ਲਾਇਆ। ਇੰਮੀਗ੍ਰੇਸ਼ਨ ਵਿਭਾਗ ਵੱਲੋਂ ਹਾਲ ਹੀ ਵਿਚ ਐਲਾਨੀਆਂ ਤਬਦੀਲੀਆਂ ਨੂੰ ਸਿਰਫ਼ ਭਰਮ-ਭੁਲੇਖੇ ਪੈਦਾ ਕਰਨ ਵਾਲੀਆਂ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਕੌਮਾਂਤਰੀ ਵਿਦਿਆਰਥੀਆਂ ਨੂੰ ਮੁਲਕ ਵਿਚ ਸੱਦਣ ਦੇ ਮੌਜੂਦਾ ਤੌਰ-ਤਰੀਕੇ ਵਿਦੇਸ਼ਾਂ ਤੋਂ ਆਉਣ ਵਾਲਿਆਂ ਨੂੰ ਹੀ ਖ਼ਤਰੇ ਵਿਚ ਪਾ ਰਹੇ ਹਨ। ਇਥੇ ਦਸਣਾ ਬਣਦਾ ਹੈ ਕਿ 2019 ਤੋਂ 2023 ਦਰਮਿਆਨ ਸਟੱਡੀ ਵੀਜ਼ਾ ਅਰਜ਼ੀਆਂ ਦੀ ਗਿਣਤੀ ਢਾਈ ਗੁਣਾ ਹੋਣ ਮਗਰੋਂ 2024 ਦੌਰਾਨ ਕਟੌਤੀ ਦਾ ਸਿਲਸਿਲਾ ਆਰੰਭਿਆ ਗਿਆ।

## ਬੀ.ਸੀ. ’ਚ ਵਿਦੇਸ਼ੀ ਵਿਦਿਆਰਥੀਆਂ ਦੀ ਆਮਦ ਘਟੀ

**ਵੈਨਕੂਵਰ**: ਕਨੇਡਾ ਵਿੱਚ ਫੈਡਰਲ ਇਮੀਗ੍ਰੇਸ਼ਨ ਕਟੌਤੀਆਂ ਦੇ ਅਸਰ ਨਾਲ ਬ੍ਰਿਟਿਸ਼ ਕੋਲੰਬੀਆ ਵਿੱਚ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਉਮੀਦਾਂ ਨਾਲੋਂ ਕਾਫ਼ੀ ਘੱਟ ਰਹੀ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਕਨੇਡਾ ਦੇ ਆਡੀਟਰ ਜਨਰਲ ਦੀ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ 2024 ਦੌਰਾਨ ਸਟਡੀ ਪਰਮਿਟ ਮਨਜ਼ੂਰੀਆਂ ਵਿੱਚ ਲਗਭਗ 66 ਫ਼ੀਸਦੀ ਦੀ ਵੱਡੀ ਕਮੀ ਦਰਜ ਕੀਤੀ ਗਈ। ਇਹ ਉਹ ਪਹਿਲਾ ਸਾਲ ਸੀ ਜਦੋਂ ਕੇਂਦਰੀ ਸਰਕਾਰ ਵੱਲੋਂ ਵੱਡੇ ਪੱਧਰ ‘ਤੇ ਇਮੀਗ੍ਰੇਸ਼ਨ ਕਟੌਤੀਆਂ ਲਾਗੂ ਕੀਤੀਆਂ ਗਈਆਂ ਸਨ।

ਰਿਪੋਰਟ ਅਨੁਸਾਰ ਇਸ ਦੇ ਨਤੀਜੇ ਵਜੋਂ ਬੀ.ਸੀ. ਵਿੱਚ ਵਿਦੇਸ਼ੀ ਵਿਦਿਆਰਥੀਆਂ ਦੀ ਆਮਦ ਵਿੱਚ ਤਿੱਖੀ ਗਿਰਾਵਟ ਆਈ ਹੈ, ਜਿਸ ਨਾਲ ਸਿੱਖਿਆ ਸੰਸਥਾਵਾਂ ਅਤੇ ਅਰਥਵਿਵਸਥਾ ‘ਤੇ ਵੀ ਅਸਰ ਪਿਆ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀ ਸੂਬੇ ਦੀ ਅਰਥਵਿਵਸਥਾ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਇਸ ਲਈ ਉਨ੍ਹਾਂ ਦੀ ਘੱਟ ਗਿਣਤੀ ਭਵਿੱਖ ਵਿੱਚ ਵੱਡੇ ਪ੍ਰਭਾਵ ਪੈਦਾ ਕਰ ਸਕਦੀ ਹੈ।



SABZI MANDI SUPERMARKET



Chal Chaliye
SABZI MANDI
Chal Chaliye ...

ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ
ਅਤੇ ਸਾਫ ਸੁਥਰੀ ਗਰੋਸਰੀ ਲਈ ਹਮੇਸ਼ਾ
ਸਬਜ਼ੀ ਮੰਡੀ ਨੂੰ ਯਾਦ ਰਖੋ

# ਸਰੀ ਸਿਟੀ ਚੋਣਾਂ-'ਕੰਜ਼ਰਵੇਟਿਵ ਪਾਰਟੀ ਆਫ ਸਰੀ' ਵੱਲੋਂ ਹੋਨਵੀਰ ਸਿੰਘ ਰੰਧਾਵਾ ਹੋਣਗੇ ਮੇਅਰ ਦੇ ਉਮੀਦਵਾਰ

**ਸਰੀ,** (ਹਰਦਮ ਮਾਨ)- ਕੈਨੇਡਾ ਦੇ ਪ੍ਰਮੁੱਖ ਸ਼ਹਿਰ ਸਰੀ ਦੀਆਂ ਆਗਾਮੀ ਮਿਊਂਸਪਲ ਚੋਣਾਂ ਲਈ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਸਰੀ ਦੀ ਸਿਆਸਤ ਵਿੱਚ ਇੱਕ ਨਵੀਂ ਲਹਿਰ ਪੈਦਾ ਕਰਦਿਆਂ 'ਕੰਜ਼ਰਵੇਟਿਵ ਪਾਰਟੀ ਆਫ ਸਰੀ' ਨੇ ਅਧਿਕਾਰਤ ਤੌਰ 'ਤੇ ਚੋਣ ਮੈਦਾਨ ਵਿੱਚ ਉਤਰਨ ਦਾ ਐਲਾਨ ਕੀਤਾ ਹੈ। ਪਾਰਟੀ ਨੇ ਉੱਘੇ ਵਕੀਲ ਅਤੇ ਸਮਾਜਿਕ ਆਗੂ ਹੋਨਵੀਰ ਸਿੰਘ ਰੰਧਾਵਾ (ਜੁਰਿਸ ਧੋਚਟੋਰ) ਨੂੰ ਮੇਅਰ ਦੇ ਅਹੁਦੇ ਲਈ ਆਪਣਾ ਉਮੀਦਵਾਰ ਚੁਣਿਆ ਹੈ। ਜ਼ਿਕਰਯੋਗ ਹੈ ਕਿ ਹੋਨਵੀਰ ਸਿੰਘ ਰੰਧਾਵਾ ਪਹਿਲਾਂ ਵੀ ਬੀ.ਸੀ. ਕੰਜ਼ਰਵੇਟਿਵ ਪਾਰਟੀ ਵੱਲੋਂ ਸਰੀ-ਗਿਲਫੋਰਡ ਤੋਂ ਐਮਐਲਏ ਉਮੀਦਵਾਰ ਵਜੋਂ ਆਪਣੀ ਮਜ਼ਬੂਤ ਪਛਾਣ ਬਣਾ ਚੁੱਕੇ ਹਨ। ਪਾਰਟੀ ਮੁਤਾਬਕ ਇਹ ਇੱਕ ਜ਼ਮੀਨੀ ਪੱਧਰ ਦੀ ਮੁਹਿੰਮ ਹੈ ਜੋ ਸਰੀ ਸ਼ਹਿਰ ਵਿੱਚ ਸਾਂਝੀ ਸੋਚ, ਜਵਾਬਦੇਹੀ ਅਤੇ ਮਜ਼ਬੂਤ ਲੀਡਰਸ਼ਿਪ ਲਿਆਉਣ ਦੇ ਮਕਸਦ ਨਾਲ ਸ਼ੁਰੂ ਕੀਤੀ ਗਈ ਹੈ। ਪਾਰਟੀ ਵੱਲੋਂ ਹੋਨਵੀਰ ਸਿੰਘ ਰੰਧਾਵਾ ਦੀ ਉਮੀਦਵਾਰੀ ਦਾ ਰਸਮੀ ਐਲਾਨ ਕਰਨ ਲਈ 29 ਮਾਰਚ, 2026 ਨੂੰ ਸ਼ਾਮ 5:30 ਵਜੇ 'ਦ ਐਂਪਰੈਸ ਪੈਲੇਸ ਬਾਲਰੂਮ' (#201-8166 128 ਸਟਰੀਟ, ਸਰੀ) ਵਿਖੇ ਇੱਕ ਵਿਸ਼ੇਸ਼ ਸਮਾਗਮ ਉਲੀਕਿਆ ਗਿਆ ਹੈ। ਸਮਾਗਮ ਦੌਰਾਨ ਮਹਿਮਾਨਾਂ ਲਈ ਖਾਣ-ਪੀਣ ਦਾ ਵੀ ਪ੍ਰਬੰਧ ਹੋਵੇਗਾ। ਪਾਰਟੀ ਵੱਲੋਂ ਸਰੀ ਨਿਵਾਸੀਆਂ ਨੂੰ ਇਸ ਇਤਿਹਾਸਕ ਮੌਕੇ 'ਤੇ ਪਹੁੰਚਣ ਦਾ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ। ਵਧੇਰੇ ਜਾਣਕਾਰੀ ਲਈ (604) 991-1009 'ਤੇ ਸੰਪਰਕ ਕੀਤਾ ਜਾ ਸਕਦਾ ਹੈ।




# ਪ੍ਰਸਿੱਧ ਲੇਖਕ ਤੇ ਕਾਰੋਬਾਰੀ ਮੰਗਾ ਬਾਸੀ ਸਦੀਵੀ ਵਿਛੋੜਾ ਦੇ ਗਏ



**ਸਰੀ,** (ਹਰਦਮ ਮਾਨ) - ਉੱਘੇ ਲੇਖਕ ਅਤੇ ਸਫਲ ਕਾਰੋਬਾਰੀ ਮੰਗਾ ਬਾਸੀ ਅੱਜ ਸਵੇਰੇ ਕੈਮਲੂਪਸ ਦੇ ਰੋਇਲ ਇਨਲੈਂਡ ਹੌਸਪੀਟਲ ਵਿਖੇ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਸਦੀਵੀ ਵਿਛੋੜਾ ਦੇ ਗਏ। 73 ਸਾਲਾ ਮੰਗਾ ਬਾਸੀ ਪਿਛਲੇ ਇੱਕ ਹਫ਼ਤੇ ਤੋਂ ਹਸਪਤਾਲ ਵਿੱਚ ਇਲਾਜ ਅਧੀਨ ਸਨ। ਉਨ੍ਹਾਂ ਦੇ ਤੁਰ ਜਾਣ ਦੀ ਖ਼ਬਰ ਕਾਰਨ ਕੈਨੇਡਾ ਅਤੇ ਪੰਜਾਬ ਦੇ ਸਾਹਿਤਕ ਗਲਿਆਰਿਆਂ ਵਿੱਚ ਬੇਹੱਦ ਸੋਗ ਹੈ। ਭਾਵੇਂ ਉਹ ਕੈਮਲੂਪਸ ਵਿਖੇ ਰਹਿ ਰਹੇ ਸਨ, ਪਰ ਸਰੀ ਨਾਲ ਉਨ੍ਹਾਂ ਦਾ ਰਿਸ਼ਤਾ ਬਹੁਤ ਪੁਰਾਣਾ ਅਤੇ ਨਿੱਘਾ ਸੀ। ਇੱਥੋਂ ਦੇ ਲੇਖਕਾਂ, ਕਲਾਕਾਰਾਂ ਅਤੇ ਸਮਾਜਿਕ ਜਥੇਬੰਦੀਆਂ ਨਾਲ ਉਨ੍ਹਾਂ ਦਾ ਵਿਸ਼ੇਸ਼ ਲਗਾਓ ਸੀ ਅਤੇ ਉਹ ਅਕਸਰ ਸਾਹਿਤਕ ਸਮਾਗਮਾਂ ਦਾ ਸ਼ਿੰਗਾਰ ਬਣਦੇ ਰਹਿੰਦੇ ਸਨ।

ਉਨ੍ਹਾਂ ਦੇ ਰੁਖ਼ਸਤ ਹੋਣ ਦੀ ਖ਼ਬਰ ਮਿਲਦਿਆਂ ਹੀ ਵੈਨਕੂਵਰ ਵਿਚਾਰ ਮੰਚ ਦੇ ਮੈਂਬਰਾਂ ਵਿੱਚ ਗ਼ਮ ਦਾ ਆਲਮ ਛਾ ਗਿਆ। ਇਕੱਤਰ ਹੋਏ ਸਾਹਿਤਕਾਰਾਂ ਨੇ ਆਪਣੇ ਪਿਆਰੇ ਮਿੱਤਰ ਨੂੰ ਯਾਦ ਕਰਦਿਆਂ ਕਿਹਾ ਕਿ ਮੰਗਾ ਬਾਸੀ ਦਾ ਜਾਣਾ ਇਕ ਵਿਅਕਤੀ ਦਾ ਜਾਣਾ ਨਹੀਂ, ਬਲਕਿ ਇਕ ਮਿਲਣਸਾਰ ਅਤੇ ਜਿਊਂਦੀ-ਜਾਗਦੀ ਸ਼ਖ਼ਸੀਅਤ ਦਾ ਖ਼ਾਮੋਸ਼ ਹੋਣਾ ਹੈ। ਨਾਵਲਕਾਰ ਜਰਨੈਲ ਸਿੰਘ ਸੇਖਾ, ਸ਼ਾਇਰ ਮੋਹਨ ਗਿੱਲ, ਅੰਗਰੇਜ਼ ਬਰਾੜ, ਹਰਦਮ ਮਾਨ, ਗੁਰਮੇਲ ਸਿੰਘ ਰਾਏ, ਜਸਵਿੰਦਰ ਦਿਓਲ ਅਤੇ ਜਸਵਿੰਦਰ ਗ਼ਜ਼ਲਗੋ ਨੇ ਉਨ੍ਹਾਂ ਨਾਲ ਬਿਤਾਏ ਪਲਾਂ ਨੂੰ ਸਾਂਝਾ ਕੀਤਾ ਅਤੇ ਪਰਿਵਾਰ ਨਾਲ ਦਿਲੀ ਹਮਦਰਦੀ ਪ੍ਰਗਟਾਈ।

ਇਸੇ ਤਰ੍ਹਾਂ ਗ਼ਜ਼ਲ ਮੰਚ ਸਰੀ ਦੇ ਸ਼ਾਇਰਾਂ ਰਾਜਵੰਤ ਰਾਜ, ਦਵਿੰਦਰ ਗੌਤਮ, ਪ੍ਰੀਤ ਮਨਪ੍ਰੀਤ, ਗੁਰਮੀਤ ਸਿੱਧੂ ਅਤੇ ਦਸ਼ਮੇਸ਼ ਗਿੱਲ ਫ਼ਿਰੋਜ਼ ਨੇ ਵੀ ਇਸ ਨੂੰ ਸਾਹਿਤਕ ਜਗਤ ਲਈ ਵੱਡਾ ਘਾਟਾ ਦੱਸਿਆ। ਮੰਗਾ ਬਾਸੀ ਦੇ ਗੂੜ੍ਹੇ ਮਿੱਤਰ ਅਤੇ ਪ੍ਰਸਿੱਧ ਕਲਾਕਾਰ ਗੁਰਚਰਨ ਟੱਲੇਵਾਲੀਆ, ਅਵਤਾਰ ਬਿਲਿੰਗ, ਪਰਮਿੰਦਰ ਸਵੈਚ, ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਦੇ ਸੰਚਾਲਕ ਸਤੀਸ਼ ਗੁਲਾਟੀ ਅਤੇ ਪੰਜਾਬ ਤੋਂ ਨਾਮਵਰ ਲੇਖਕ ਗੁਰਭਜਨ ਗਿੱਲ ਨੇ ਵੀ ਵੱਖ-ਵੱਖ ਸੁਨੇਹਿਆਂ ਰਾਹੀਂ ਆਪਣੀ ਡੂੰਘੀ ਸੰਵੇਦਨਾ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਕਿ ਮੰਗਾ ਬਾਸੀ ਦੀਆਂ ਲਿਖਤਾਂ ਅਤੇ ਉਨ੍ਹਾਂ ਦੀ ਮਿੱਠੀ ਯਾਦ ਹਮੇਸ਼ਾ ਸਾਡੇ ਦਿਲਾਂ ਵਿੱਚ ਵਸਦੀ ਰਹੇਗੀ।



# PUNJABI JOURNAL

Volume: 19, Issue: 13 || Ph: 604-312-5678 || Friday, March 27, 2026


## ਬਲਦੇਵ ਸਿੰਘ ਸੰਘਾ ਨਹੀਂ ਰਹੇ

### ਅੰਤਿਮ ਦਰਸ਼ਨ ਤੇ ਅਰਦਾਸ ਦੀ ਰਸਮ 28 ਮਾਰਚ ਨੂੰ




ਕੈਲਗਰੀ: ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ AAA Doors ਦੇ ਬਲਦੇਵ (ਚਾਰਲੀ) ਸਿੰਘ ਸੰਘਾ ਦਾ 20 ਮਾਰਚ ਨੂੰ ਕੈਲਗਰੀ ਵਿਖੇ ਦੇਹਾਂਤ ਹੋ ਗਿਆ ਹੈ। ਉਹ 60 ਸਾਲਾਂ ਦੇ ਸਨ। ਉਨ੍ਹਾਂ ਦੀ ਤਬੀਅਤ ਖਰਾਬ ਹੋਈ ਅਤੇ ਅਚਨਚੇਤ ਉਹ ਦਮ ਤੋੜ ਗਏ। ਬਲਦੇਵ ਸਿੰਘ ਸੰਘਾ ਦੇ ਅੰਤਿਮ ਦਰਸ਼ਨ ਤੇ ਅਰਦਾਸ ਦੀ ਰਸਮ 28 ਮਾਰਚ ਨੂੰ Country Hills Crematorium, 11995 16 St NE, Calgary ਵਿਖੇ ਸਵੇਰੇ 10 ਵਜੇ ਹੋਵੇਗੀ।

ਉਨ੍ਹਾਂ ਦੇ ਨਮਿਤ ਸ਼੍ਰੀ ਸਹਿਜ ਪਾਠ ਦੇ ਭੋਗ 28 ਮਾਰਚ ਨੂੰ ਦੁਪਹਿਰ 1 ਵਜੇ Dashmesh Culture Center (Main Hall) 135 Martindale Blvd NE, Calgary ਵਿਖੇ ਪੈਣਗੇ। ਐਸ ਏ ਮੀਡੀਆ ਗਰੁੱਪ ਦੇ ਕੰਵਲਜੀਤ ਸਿੰਘ ਰੰਧਾਵਾ ਨੇ ਚਾਰਲੀ ਸੰਘਾ ਦੀ ਮੌਤ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

## ਟਰੰਪ ਵੱਲੋਂ ਮੁੜ ਧਮਕੀ, ਇਰਾਨ ਅੜਿਆ



ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਅੱਜ ਅਸਿੱਧੇ ਤੌਰ 'ਤੇ ਧਮਕੀ ਦਿੰਦਿਆਂ ਵੀਰਵਾਰ ਨੂੰ ਦੁਹਰਾਇਆ ਕਿ ਇਰਾਨੀ ਆਗੂ ਬਿਨਾਂ ਦੇਰੀ ਦੇ ਛੇਤੀ ਹੀ ਵਾਰਤਾ ਲਈ ਅੱਗੇ ਆ ਜਾਣ ਕਿਉਂਕਿ ਜੇ ਇਕ ਵਾਰ ਦੇਰ ਹੋ ਗਈ ਤਾਂ ਫਿਰ ਪਿੱਛੇ ਨਹੀਂ ਮੁੜਿਆ ਜਾ ਸਕੇਗਾ। ਉਧਰ ਹਰਮੁਜ਼ ਜਲ ਮਾਰਗ ਖੋਲ੍ਹੇ ਜਾਣ ਲਈ ਇਰਾਨ ਨੂੰ ਦਿੱਤਾ ਅਲਟੀਮੇਟਮ ਸ਼ੁੱਕਰਵਾਰ ਨੂੰ ਖ਼ਤਮ ਹੋ ਰਿਹਾ ਹੈ ਪਰ ਤਹਿਰਾਨ ਨੇ ਅਜੇ ਤੱਕ ਕੋਈ ਲੜ-ਪੱਲਾ ਨਹੀਂ ਫੜਾਇਆ ਹੈ। ਇਜ਼ਰਾਈਲ ਨੇ ਰੈਵੋਲਿਊਸ਼ਨਰੀ ਗਾਰਡ ਦੀ ਜਲ ਸੈਨਾ ਦੇ ਮੁਖੀ ਕਮਾਂਡਰ ਅਲੀ ਰਜ਼ਾ ਤੰਗਸਿਰੀ ਨੂੰ ਮਾਰ ਦਿੱਤਾ ਹੈ ਜਿਸ ਬਾਰੇ ਦਾਅਵਾ ਕੀਤਾ ਗਿਆ ਕਿ ਉਸ ਦੀ ਅਗਵਾਈ ਹੇਠ ਹਰਮੁਜ਼ ਜਲ ਮਾਰਗ ਬੰਦ ਰੱਖਿਆ ਜਾ ਰਿਹਾ ਸੀ। ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਉਹ ਇਰਾਨ 'ਤੇ ਪੂਰੀ ਤਾਕਤ ਨਾਲ ਹਮਲੇ ਜਾਰੀ ਰਖਣਗੇ। ਉਨ੍ਹਾਂ ਕਿਹਾ ਕਿ ਮਾਰੇ ਗਏ ਇਰਾਨੀ ਕਮਾਂਡਰ ਦੇ ਹੱਥ ਖ਼ੂਨ ਨਾਲ ਰੰਗੇ ਹੋਏ ਸਨ। ਮੌਜੂਦਾ ਹਾਲਾਤ ਤੋਂ ਜਾਪਦਾ ਹੈ ਕਿ ਅਮਰੀਕਾ ਨੇ ਹਰਮੁਜ਼ ਜਲ ਮਾਰਗ ਨੇੜਲੀਆਂ ਥਾਵਾਂ ਜਾਂ ਖ਼ਾਰਗ ਟਾਪੂ 'ਤੇ ਇਰਾਨ ਦੇ ਤੇਲ ਟਰਮੀਨਲਾਂ ਉਪਰ ਕਬਜ਼ੇ 'ਤੇ ਧਿਆਨ ਕੇਂਦਰਤ ਕੀਤਾ ਹੋਇਆ ਹੈ।

ਟਰੰਪ ਨੇ ਆਪਣੇ ਸੋਸ਼ਲ ਮੀਡੀਆ 'ਟਰੁੱਥ ਸੋਸ਼ਲ' ਉਤੇ ਉਕਤ ਪੋਸਟ ਉਸ ਸਮੇਂ ਪਾਈ ਹੈ ਜਦੋਂ ਇਕ ਦਿਨ ਪਹਿਲਾਂ ਉਨ੍ਹਾਂ ਦਾਅਵਾ ਕੀਤਾ ਸੀ ਕਿ ਇਰਾਨ ਨਾਲ ਸਮਝੌਤਾ ਸਿਰੇ ਚੜ੍ਹਨ ਦੇ ਕੰਢੇ 'ਤੇ ਹੈ। ਉਂਝ ਇਰਾਨ ਨੇ ਅਮਰੀਕਾ ਦੀ 15 ਨੁਕਾਤੀ ਗੋਲੀਬੰਦੀ ਤਜਵੀਜ਼ ਨੂੰ ਖ਼ਾਰਜ ਕਰਦਿਆਂ ਆਪਣੀਆਂ ਪੰਜ ਸ਼ਰਤਾਂ ਰੱਖ ਦਿੱਤੀਆਂ ਸਨ। ਟਰੰਪ ਨੇ ਦੁਹਰਾਇਆ ਕਿ ਇਰਾਨ ਸਾਡੇ ਨਾਲ ਸਮਝੌਤੇ ਲਈ ਤਰਲੇ ਕੱਢ ਰਿਹਾ ਹੈ ਪਰ ਆਗੂ ਇਸ ਗੱਲੋਂ ਡਰੇ ਹੋਏ ਹਨ ਕਿ ਜੇ ਉਨ੍ਹਾਂ ਦੇ ਨਾਮ ਸਾਹਮਣੇ ਆ ਗਏ ਤਾਂ ਉਹ ਮਾਰੇ ਜਾਣਗੇ। ਟਰੰਪ ਨੇ ਨਾਟੋ ਮੁਲਕਾਂ ਨਾਲ ਨਾਰਾਜ਼ਗੀ ਜਤਾਉਂਦਿਆਂ ਕਿਹਾ ਕਿ ਉਨ੍ਹਾਂ ਜੰਗ ਦੇ ਸਮੇਂ 'ਚ ਕੋਈ ਸਹਾਇਤਾ ਨਹੀਂ ਕੀਤੀ।

ਉਨ੍ਹਾਂ ਕਿਹਾ ਕਿ ਅਮਰੀਕਾ ਨੂੰ ਨਾਟੋ ਤੋਂ ਕਿਸੇ ਮਦਦ ਦੀ ਲੋੜ ਨਹੀਂ ਹੈ ਪਰ ਉਹ ਇਹ ਕਦੇ ਨਹੀਂ ਭੁੱਲਣਗੇ ਕਿ ਐਨੇ ਅਹਿਮ ਸਮੇਂ 'ਤੇ ਉਸ ਨੇ ਸਾਥ ਨਹੀਂ ਦਿੱਤਾ। ਉਧਰ ਯੂ ਐੱਸ ਐੱਸ ਤ੍ਰਿਪੋਲੀ ਬੇੜਾ ਮੱਧ ਪੂਰਬੀ ਇਲਾਕੇ ਨੇੜੇ ਢੁੱਕ ਗਿਆ ਹੈ ਜਿਸ 'ਤੇ 2500 ਮੈਰੀਨਜ਼ ਸਵਾਰ ਹਨ। ਇਸ ਤੋਂ ਇਲਾਵਾ 82ਵੀਂ ਏਅਰਬੋਰਨ ਦੇ ਇਕ ਹਜ਼ਾਰ ਪੈਰਾਟਰੂਪਰ ਵੀ ਖਿੱਤੇ 'ਚ ਪਹੁੰਚਣ ਵਾਲੇ ਹਨ।


WCC
WESTERN COMMUNITY COLLEGE



JUMPSTART YOUR CAREER WITH WESTERN COMMUNITY COLLEGE!

TRAIN FOR IN-DEMAND CAREERS IN:

MASSAGE THERAPY
GRADUATE IN 52 WEEKS

AVIATION
EARN YOUR PPL & CPL

PHARMACY TECHNICIAN
HIGH-DEMAND, HIGH-PAYING FIELD

APPLY NOW: WCC.CA

# ਕੈਨੇਡੀਅਨ ਸੂਬੇ ’ਚ ਕਿਰਪਾਨ ’ਤੇ ਲਗਾਈ ਪਾਬੰਦੀ ਅੰਮ੍ਰਿਤਾ ਕੌਰ ਲੜ ਰਹੀ ਕੇਸ

**ਮਾਂਟਰੀਅਲ:** ਪੰਜਾਬੀ ਮੂਲ ਦੀ ਅਧਿਆਪਕਾ ਅੰਮ੍ਰਿਤ ਕੌਰ ਨੇ ਕੈਨੇਡਾ ਦੇ ਸੂਬੇ ਕਿਊਬੇਕ ਵਿਚ ਲਾਗੂ ਬਿੱਲ-21 ਉੱਤੇ ਤਿੱਖਾ ਵਿਰੋਧ ਪ੍ਰਗਟਾਇਆ ਹੈ। ਇਸ ਬਿੱਲ ਤਹਿਤ ਸਰਕਾਰੀ ਸਕੂਲਾਂ ਤੇ ਕਲਾਸ ਰੂਮਾਂ ਵਿਚ ਸਿੱਖ ਧਰਮ ਦੇ ਪੰਜ ਕਕਾਰਾਂ ਵਿੱਚੋਂ ਇੱਕ ਕਿਰਪਾਨ ਲਿਜਾਣ ਉੱਤੇ ਪਾਬੰਦੀ ਲਾਈ ਗਈ ਹੈ। ਅੰਮ੍ਰਿਤ ਕੌਰ ਨੇ ਇਸ ਨਿਯਮ ਨੂੰ ਆਪਣੀ ਧਾਰਮਿਕ ਆਜ਼ਾਦੀ ਤੇ ਨਿੱਜੀ ਪਛਾਣ ਉੱਤੇ ਸਿੱਧਾ ਹਮਲਾ ਦੱਸਿਆ ਹੈ। ਇਸ ਲਈ ਉਹ ਕਾਨੂੰਨੀ ਲੜਾਈ ਵੀ ਲੜ ਰਹੇ ਹਨ। ਕਿਊਬੇਕ ਸੂਬੇ ‘ਚ ਰਹਿੰਦੇ ਪੰਜਾਬੀਆਂ, ਖ਼ਾਸ ਕਰ ਕੇ ਸਿੱਖਾਂ ਵਿੱਚ ਇਸ ਮਾਮਲੇ ਨੂੰ ਲੈ ਕੇ ਡਾਢੀ ਨਾਰਾਜ਼ਗੀ ਤੇ ਨਿਰਾਸ਼ਾ ਪਾਈ ਜਾ ਰਹੀ ਹੈ।



ਬਿੱਲ 21, ਜਿਸ ਨੂੰ ਕਿਊਬੇਕ ਸੂਬੇ ਦਾ ਲਾਇਸੀਟੀ (ਸੈਕੂਲਰਿਜ਼ਮ) ਕਾਨੂੰਨ ਵੀ ਕਿਹਾ ਜਾਂਦਾ ਹੈ, ਜੂਨ 2019 ਵਿਚ ਕਿਊਬੇਕ ਸਰਕਾਰ ਵੱਲੋਂ ਪਾਸ ਕੀਤਾ ਗਿਆ ਸੀ। ਇਸ ਕਾਨੂੰਨ ਤਹਿਤ ਸਰਕਾਰੀ ਖੇਤਰ ਵਿਚ ਕੰਮ ਕਰਨ ਵਾਲੇ ਅਧਿਕਾਰੀਆਂ, ਅਧਿਆਪਕਾਂ, ਪੁਲਿਸ ਵਾਲਿਆਂ ਤੇ ਨਿਆਂਇਕ ਅਧਿਕਾਰੀਆਂ ਉੱਤੇ ਧਾਰਮਿਕ ਚਿੰਨ੍ਹ ਜਿਵੇਂ ਦਸਤਾਰ, ਕਿਰਪਾਨ, ਹਿਜਾਬ ਤੇ ਯਹੂਦੀ ਟੋਪੀ ਵਰਗੀਆਂ ਚੀਜ਼ਾਂ ਧਾਰਨ ਕਰਨ ਉੱਤੇ ਰੋਕ ਲਗਾਈ ਗਈ ਹੈ। ਸਰਕਾਰ ਵੱਲੋਂ ਇਸ ਨੂੰ ਰਾਜ ਵਿਚ ਧਰਮ ਤੋਂ ਉਪਰਾਮ ਸੂਬਾਈ ਨੀਤੀ ਵਜੋਂ ਤਰਜੀਹ ਦਿੱਤੀ ਗਈ ਹੈ, ਪਰ ਇਸ ਨੇ ਸਿੱਖ, ਮੁਸਲਿਮ ਤੇ ਯਹੂਦੀ ਭਾਈਚਾਰਿਆਂ ਵਿਚ ਤਿੱਖੀ ਬੇਚੈਨੀ ਪੈਦਾ ਕੀਤੀ ਹੈ।

ਅੰਮ੍ਰਿਤ ਕੌਰ ਇਸ ਬਿੱਲ ਦੀਆਂ ਸਭ ਤੋਂ ਵੱਡੇ ਪੀੜਤਾਂ ਵਿਚੋਂ ਇੱਕ ਹਨ। ਉਹ ਕਿਊਬੇਕ ਵਿਚ ਹੀ ਪਲ਼ੇ ਤੇ ਵਧੇ ਹਨ। ਉਨ੍ਹਾਂ ਯੂਨੀਵਰਸਿਟੀ ਆਫ਼ ਔਟਵਾ ਤੋਂ ਬੈਚਲਰ ਆਫ਼ ਐਜੂਕੇਸ਼ਨ ਦੀ ਡਿਗਰੀ ਉਸੇ ਦਿਨ ਪੂਰੀ ਕੀਤੀ ਜਿਸ ਦਿਨ ਬਿੱਲ 21 ਪਾਸ ਹੋਇਆ ਸੀ। ਉਸ ਵੇਲੇ ਉਨ੍ਹਾਂ ਨੇ ਆਪਣੀ ਦਸਤਾਰ ਤੇ ਕਿਰਪਾਨ ਧਾਰਨ ਕੀਤੇ ਹੋਏ ਸਨ, ਜੋ ਅਮ੍ਰਿਤਧਾਰੀ ਸਿੱਖ ਔਰਤਾਂ ਲਈ ਧਰਮ ਦਾ ਅਨਿੱਖੜਵਾਂ ਹਿੱਸਾ ਹਨ। ਬਿੱਲ ਲਾਗੂ ਹੋਣ ਤੋਂ ਬਾਅਦ ਉਨ੍ਹਾਂ ਨੂੰ ਸਰਕਾਰੀ ਸਕੂਲ ਵਿਚ ਅਧਿਆਪਕ ਵਜੋਂ ਨੌਕਰੀ ਲੈਣ ਲਈ ਇਨ੍ਹਾਂ ਕਕਾਰਾਂ ਨੂੰ ਤਿਆਗਣਾ ਹੋਵੇਗਾ। ਇਸ ਲਈ ਉਨ੍ਹਾਂ ਨੇ ਆਪਣਾ ਘਰ-ਪਰਿਵਾਰ ਛੱਡ ਕੇ ਬ੍ਰਿਟਿਸ਼ ਕੋਲੰਬੀਆ ਵਿਚ ਜਾ ਕੇ ਨਿਜੀ ਸਕੂਲ ਵਿਚ ਅਧਿਆਪਨ ਸ਼ੁਰੂ ਕੀਤਾ। ਉਨ੍ਹਾਂ ਨੇ ਇਸ ਨਵੇਂ ਕਾਨੂੰਨ ਨੂੰ “ਧਾਰਮਿਕ ਤਸੀਹਾ” ਤੇ “ਸ਼ਰਨਾਰਥੀ ਵਾਂਗ ਭਜਣ” ਵਜੋਂ ਵਰਣਨ ਕੀਤਾ ਹੈ।

ਹਾਲ ਹੀ ਵਿਚ ਕੈਨੇਡਾ ਦੀ ਸੁਪਰੀਮ ਕੋਰਟ ਵਿਚ ਬਿੱਲ 21 ਵਿਰੋਧੀ ਇੱਕ ਵੱਡੀ ਕਾਨੂੰਨੀ ਚੁਣੌਤੀ ਦੀ ਸੁਣਵਾਈ ਸ਼ੁਰੂ ਹੋਈ ਹੈ। ਇਸ ਵਿਚ ਵਰਲਡ ਸਿੱਖ ਆਰਗਨਾਈਜ਼ੇਸ਼ਨ ਆਫ਼ ਕੈਨੇਡਾ ਵੱਲੋਂ ਅੰਮ੍ਰਿਤ ਕੌਰ ਦਾ ਮਾਮਲਾ ਉਜਾਗਰ ਕੀਤਾ ਗਿਆ ਹੈ। ਉਨ੍ਹਾਂ ਦੇ ਵਕੀਲ ਫੈਜ਼ ਲਾਲਾਨੀ ਨੇ ਅਦਾਲਤ ਵਿਚ ਆਖਿਆ ਕਿ ਦਸਤਾਰ ਤੇ ਕਿਰਪਾਨ ਸਿਰਫ਼ ਇੱਕ ਕੱਪੜਾ ਜਾਂ ਕੋਈ ਫ਼ੈਸ਼ਨ ਨਹੀਂ ਹਨ, ਸਗੋਂ ਇਹ ਸਿੱਖ ਕੌਮ ਦੀ ਪਛਾਣ, ਬਰਾਬਰੀ ਤੇ ਅਨਿਆਂ ਵਿਰੋਧੀ ਲੜਾਈ ਦਾ ਪ੍ਰਤੀਕ ਹਨ। ਇਨ੍ਹਾਂ ਨੂੰ ਹਟਾਉਣ ਨਾਲ਼ ਸਬੰਧਤ ਵਿਅਕਤੀ ਦੀ ਨਿੱਜੀ ਇੱਜ਼ਤ ਤੇ ਧਰਮ ਨੂੰ ਠੇਸ ਪਹੁੰਚਦੀ ਹੈ। ਅੰਮ੍ਰਿਤ ਕੌਰ ਨੇ ਖੁਦ ਵੀ ਇਸ ਬਿੱਲ ਨੂੰ ਇੱਕ ਵਿਤਕਰਾਪੂਰਨ ਨੀਤੀ ਦੱਸਿਆ ਹੈ ਜੋ ਘੱਟ ਗਿਣਤੀ ਭਾਈਚਾਰਿਆਂ ਨੂੰ ਰਾਜ ਵਿਚ ਦੂਜੀ ਸ਼੍ਰੇਣੀ ਦਾ ਨਾਗਰਿਕ ਬਣਾਉਂਦੀ ਹੈ।

ਇਸ ਬਿੱਲ ਨੇ ਸਿੱਖ ਭਾਈਚਾਰੇ ਉੱਤੇ ਖਾਸ ਤੌਰ ਤੇ ਅਸਰ ਪਾਇਆ ਹੈ ਕਿਉਂਕਿ ਕਿਰਪਾਨ ਸਿੱਖ ਧਰਮ ਦੇ ਪੰਜ ਕਕਾਰਾਂ ਵਿਚੋਂ ਇੱਕ ਹੈ। ਇਸ ਨੂੰ ਧਾਰਨ ਕਰਨਾ ਹਰ ਅਮ੍ਰਿਤਧਾਰੀ ਸਿੱਖ ਲਈ ਲਾਜ਼ਮੀ ਹੈ। ਕਿਊਬੇਕ ਵਿਚ ਇਸ ਪਾਬੰਦੀ ਕਾਰਨ ਬਹੁਤ ਸਾਰੇ ਸਿੱਖ ਅਧਿਆਪਕ ਤੇ ਵਿਦਿਆਰਥੀ ਆਪਣੀ ਧਾਰਮਿਕ ਆਜ਼ਾਦੀ ਤੋਂ ਵਾਂਝੇ ਹੋ ਗਏ ਹਨ। ਵਰਲਡ ਸਿੱਖ ਆਰਗਨਾਈਜ਼ੇਸ਼ਨ ਤੇ ਇੰਗਲਿਸ਼ ਮਾਂਟਰੀਅਲ ਸਕੂਲ ਬੋਰਡ ਵਰਗੀਆਂ ਸੰਸਥਾਵਾਂ ਨੇ ਵੀ ਇਸ ਖਿਲਾਫ਼ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਇਹ ਕਾਨੂੰਨ ਧਰਮ ਤੋਂ ਵਿਰਵੀ ਸੂਬਾਈ ਨੀਤੀ ਦੀ ਆੜ ਵਿਚ ਘੱਟ ਗਿਣਤੀਆਂ ਨਾਲ਼ ਵਿਤਕਰਾ ਕਰਦਾ ਹੈ ਤੇ ਇਸ ਨਾਲ ਸਮਾਜ ਵਿਚ ਵੰਡ ਪੈਦਾ ਹੋਈ ਹੈ। ਅੰਮ੍ਰਿਤ ਕੌਰ ਨੇ ਆਪਣੀਆਂ ਲਿਖਤਾਂ ਤੇ ਬਿਆਨਾਂ ਵਿਚ ਇਸ ਬਿੱਲ ਨੂੰ “ਆਪਣੇ ਭਵਿੱਖ ਨੂੰ ਤਬਾਹ ਕਰਨ ਵਾਲਾ” ਦੱਸਿਆ ਹੈ। ਉਹ ਹੁਣ ਬ੍ਰਿਟਿਸ਼ ਕੋਲੰਬੀਆ ਵਿਚ ਅਧਿਆਪਕ ਵਜੋਂ ਕੰਮ ਕਰ ਰਹੇ ਹਨ ਤੇ ਉਥੇ ਉਨ੍ਹਾਂ ਆਪਣੀ ਧਾਰਮਿਕ ਆਜ਼ਾਦੀ ਕਾਇਮ ਰੱਖੀ ਹੋਈ ਹੈ। ਇਸ ਮਾਮਲੇ ਵਿਚ ਸੁਪਰੀਮ ਕੋਰਟ ਦਾ ਫੈਸਲਾ ਭਵਿੱਖ ਵਿਚ ਕੈਨੇਡਾ ਭਰ ਵਿਚ ਧਾਰਮਿਕ ਚਿੰਨ੍ਹਾਂ ਵਾਲੀਆਂ ਨੀਤੀਆਂ ਉੱਤੇ ਵੱਡਾ ਅਸਰ ਪਾ ਸਕਦਾ ਹੈ।

# ਅਚਾਰ ਦੇ ਡੱਬਿਆਂ ’ਚ ਲੁਕੋਇਆ 115 ਕਿਲੋ ਨਸ਼ੀਲਾ ਪਦਾਰਥ ਜ਼ਬਤ, ਬੀ.ਸੀ, ਪੁਲਸ ਨੂੰ ਵੱਡੀ ਸਫਲਤਾ



**ਵੈਨਕੂਵਰ** - ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ ਪੁਲਿਸ ਵੱਲੋਂ ਕੀਤੀ ਕਾਰਵਾਈ ਦੌਰਾਨ ਅਚਾਰ ਦੇ ਡੱਬਿਆਂ ਵਿੱਚ ਲੁਕਾਈ ਗਈ 115 ਕਿਲੋਗ੍ਰਾਮ ਤੋਂ ਵੱਧ ਮੈਥਐਮਫੈਟਾਮਾਈਨ ਜ਼ਬਤ ਕੀਤੀ ਗਈ ਹੈ।

ਪੁਲਿਸ ਮੁਤਾਬਕ ਇਹ ਨਸ਼ੀਲਾ ਪਦਾਰਥ ਆਸਟ੍ਰੇਲੀਆ ਦੇ ਸ਼ਹਿਰ ਮੈਲਬੌਰਨ ਭੇਜਣ ਲਈ ਤਿਆਰ ਕੀਤਾ ਗਿਆ ਸੀ ਅਤੇ ਇਸ ਨੂੰ ਅਚਾਰ ਦੇ ਡੱਬਿਆਂ ਵਿੱਚ ਛੁਪਾ ਕੇ ਤਸਕਰੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ।

ਅਧਿਕਾਰੀਆਂ ਅਨੁਸਾਰ ਇਹ ਕਾਰਵਾਈ ਆਸਟ੍ਰੇਲੀਆਈ ਫੈਡਰਲ ਪੁਲਿਸ ਦੀ ਸਹਾਇਤਾ ਨਾਲ ਕੀਤੀ ਗਈ, ਜਿਸ ਦੌਰਾਨ ਅੰਤਰਰਾਸ਼ਟਰੀ ਤਸਕਰੀ ਜਾਲ ਦਾ ਪਰਦਾਫਾਸ਼ ਹੋਇਆ ਹੈ।

ਪੁਲਿਸ ਦਾ ਕਹਿਣਾ ਹੈ ਕਿ ਇਹ ਜ਼ਬਤੀ ਨਸ਼ਿਆਂ ਦੀ ਤਸਕਰੀ ਖਿਲਾਫ਼ ਵੱਡੀ ਸਫਲਤਾ ਹੈ ਅਤੇ ਇਸ ਨਾਲ ਇੱਕ ਵੱਡੇ ਗਿਰੋਹ ਦੀ ਕਾਰਵਾਈ ਨੂੰ ਝਟਕਾ ਲੱਗਿਆ ਹੈ। ਜਾਂਚ ਅਜੇ ਵੀ ਜਾਰੀ ਹੈ ਅਤੇ ਹੋਰ ਗ੍ਰਿਫ਼ਤਾਰੀਆਂ ਦੀ ਸੰਭਾਵਨਾ ਹੈ।

ANSATEL COMMUNICATIONS

Helping Lower Mainland Businesses Since 1983



Panasonic ideas for life

- VOIP Telephone Systems
- VOIP Phone Lines
- Data & Telephone Cabling
- Automatic Call Distribution
- CTI (Computer Telephone Integration)
- Wireless & Corded Headsets
- Multiline Wireless Telephones
- Lease Or Rental Packages
- Service Other Makes & Models

Helping Lower Mainland Businesses Since 1983

*Customized Solutions to Suit Your Needs.*

604-872-6500

2148 Kingsway, Vancouver | www.ansatel.com - info@ansatel.com

24/7 SALES & SERVICE

# ਸਰੀ ਵਿਖੇ ਬਰਾੜ ਪਰਿਵਾਰ ਨੇ ਪੋਤਰੇ ਸ਼ਾਨਦੀਪ ਸਿੰਘ ਬਰਾੜ ਦਾ 18ਵਾਂ ਜਨਮ ਦਿਨ ਚਾਅਵਾਂ ਨਾਲ ਮਨਾਇਆ




**ਸਰੀ,** (ਹਰਦਮ ਮਾਨ)- ਕੈਨੇਡਾ ਦੇ ਸ਼ਹਿਰ ਸਰੀ ਵਿੱਚ ਰਹਿ ਰਹੇ ਪਿੰਡ ਵੱਡਾ ਘਰ (ਪੰਜਾਬ) ਨਾਲ ਸਬੰਧਤ ਬਲਜੀਤ ਸਿੰਘ ਬਰਾੜ ਅਤੇ ਸੁਰਿੰਦਰ ਕੌਰ ਬਰਾੜ ਦੇ ਪਰਿਵਾਰ ਵੱਲੋਂ ਆਪਣੇ ਪੋਤਰੇ ਸ਼ਾਨਦੀਪ ਸਿੰਘ ਬਰਾੜ (ਸਪੁੱਤਰ ਕਮਲਜੀਤ ਸਿੰਘ ਬਰਾੜ ਅਤੇ ਜਸਦੀਪ ਕੌਰ ਬਰਾੜ) ਦਾ 18ਵਾਂ ਜਨਮ ਦਿਨ ਬਹੁਤ ਹੀ ਸ਼ਰਧਾ ਅਤੇ ਚਾਅਵਾਂ ਨਾਲ ਮਨਾਇਆ ਗਿਆ।

ਇਸ ਸ਼ੁੱਭ ਅਵਸਰ ਦੀ ਸ਼ੁਰੂਆਤ ਪਰਿਵਾਰ ਵੱਲੋਂ ਗੁਰੂ ਚਰਨਾਂ ਵਿੱਚ ਸ਼ੁਕਰਾਨਾ ਕਰਦਿਆਂ ਕੀਤੀ ਗਈ।

ਗੁਰਦੁਆਰਾ ਦਸ਼ਮੇਸ਼ ਦਰਬਾਰ, ਸਰੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਮੌਕੇ ਸ਼ਾਨਦੀਪ ਸਿੰਘ ਦੀ ਚੜ੍ਹਦੀ ਕਲਾ ਤੇ ਸੁਖੀ ਜੀਵਨ ਲਈ ਅਰਦਾਸ ਕੀਤੀ ਗਈ। ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਰਿਸ਼ਤੇਦਾਰਾਂ ਅਤੇ ਮਿੱਤਰਾਂ-ਦੋਸਤਾਂ ਨੇ ਸ਼ਿਰਕਤ ਕੀਤੀ ਅਤੇ ਨੌਜਵਾਨ ਸ਼ਾਨਦੀਪ ਨੂੰ ਜਨਮ ਦਿਨ ਦੀਆਂ ਮੁਬਾਰਕਾਂ ਦਿੰਦਿਆਂ ਉੱਜਲ ਭਵਿੱਖ ਲਈ ਦੁਆਵਾਂ ਦਿੱਤੀਆਂ।

ਧਾਰਮਿਕ ਸਮਾਗਮ ਤੋਂ ਬਾਅਦ ਪਰਿਵਾਰ ਵੱਲੋਂ ਆਪਣੇ ਨਿਵਾਸ ਅਸਥਾਨ 'ਤੇ ਇੱਕ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਗਿਆ। ਇੱਥੇ ਸ਼ਾਨਦੀਪ ਸਿੰਘ ਬਰਾੜ ਵੱਲੋਂ ਕੇਕ ਕੱਟਣ ਦੀ ਰਸਮ ਨਿਭਾਈ ਗਈ ਅਤੇ ਸਭ ਨੇ ਮਿਲ ਕੇ ਖੁਸ਼ੀਆਂ ਸਾਂਝੀਆਂ ਕੀਤੀਆਂ। ਪਰਿਵਾਰਕ ਮੈਂਬਰਾਂ ਜਸਪ੍ਰੀਤ ਸਿੰਘ ਬਰਾੜ ਅਤੇ ਰਮਨਦੀਪ ਕੌਰ ਬਰਾੜ ਨੇ ਸਮਾਗਮ ਵਿੱਚ ਪਹੁੰਚੇ ਸਾਰੇ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਉਨ੍ਹਾਂ ਕਿਹਾ ਕਿ ਸਭ ਦੇ ਪਿਆਰ ਅਤੇ ਅਸੀਸਾਂ ਨੇ ਇਸ ਦਿਨ ਨੂੰ ਹੋਰ ਵੀ ਯਾਦਗਾਰੀ ਬਣਾ ਦਿੱਤਾ ਹੈ।

# 'ਆਪ' ਵਿਧਾਇਕ ਪਠਾਣਮਾਜਰਾ ਗਵਾਲੀਅਰ ਤੋਂ ਕਾਬੂ



ਪੁਲੀਸ ਹਿਰਾਸਤ ਵਿੱਚੋਂ ਫ਼ਰਾਰ ਹੋਏ ਸਨੌਰ ਤੋਂ 'ਆਪ' ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੂੰ ਪਟਿਆਲਾ ਪੁਲੀਸ ਨੇ ਆਖ਼ਰ ਨੌਂ ਮਹੀਨਿਆਂ ਬਾਅਦ ਗਵਾਲੀਅਰ ਤੋਂ ਕਾਬੂ ਕਰ ਲਿਆ ਹੈ। ਪਠਾਣਮਾਜਰਾ ਨੂੰ ਅੱਜ ਪਟਿਆਲਾ ਅਦਾਲਤ 'ਚ ਪੇਸ਼ ਕੀਤਾ ਗਿਆ ਜਿਥੋਂ ਉਸ ਨੂੰ ਚਾਰ ਦਿਨ ਦੇ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਗਿਆ।

ਗ਼ੌਰਤਲਬ ਹੈ ਕਿ ਹੜ੍ਹਾਂ ਦੇ ਮੁੱਦੇ 'ਤੇ ਸਤੰਬਰ 2025 'ਚ ਪਠਾਣਮਾਜਰਾ ਨੇ ਆਪਣੀ ਹੀ ਸਰਕਾਰ ਖ਼ਿਲਾਫ਼ ਬਗ਼ਾਵਤ ਕਰਦਿਆਂ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਭੰਡਿਆ ਸੀ। ਸਰਕਾਰ ਨੇ ਉਸ ਤੋਂ ਗੰਨਮੈਨ ਸਮੇਤ ਸਾਰੀਆਂ ਤਾਕਤਾਂ ਵਾਪਸ ਲੈ ਲਈਆਂ ਸਨ। 'ਆਪ' ਹਾਈਕਮਾਂਡ ਨੇ ਰਣਜੋਧ ਹੜਾਣਾ ਨੂੰ ਸਨੌਰ ਦਾ ਨਵਾਂ ਹਲਕਾ ਇੰਚਾਰਜ ਵੀ ਲਾ ਦਿੱਤਾ ਹੈ। ਇੱਕ ਔਰਤ ਦੀ ਸ਼ਿਕਾਇਤ 'ਤੇ ਇਥੇ ਥਾਣਾ ਸਿਵਲ ਲਾਈਨ 'ਚ ਉਸ ਖ਼ਿਲਾਫ਼ ਜਬਰ-ਜਨਾਹ ਦਾ ਪਰਚਾ ਦਰਜ ਹੋਇਆ ਸੀ ਅਤੇ ਉਸ ਨੂੰ ਹਰਿਆਣਾ 'ਚ ਰਿਸ਼ਤੇਦਾਰ ਦੇ ਘਰੋਂ ਫੜ ਲਿਆ ਸੀ ਪਰ ਉਹ ਪੁਲੀਸ ਹਿਰਾਸਤ ਵਿੱਚੋਂ ਫ਼ਰਾਰ ਹੋ ਗਿਆ ਸੀ। ਪਟਿਆਲਾ ਪੁਲੀਸ ਵੱਲੋਂ ਐੱਲ ਓ ਸੀ ਜਾਰੀ ਕਰਨ ਦੇ ਬਾਵਜੂਦ ਉਹ ਵਿਦੇਸ਼ ਚਲਾ ਗਿਆ ਸੀ। ਉਹ ਨੇਪਾਲ ਰਾਹੀਂ ਆਸਟਰੇਲੀਆ ਪਹੁੰਚਿਆ ਅਤੇ ਉਥੋਂ ਸੋਸ਼ਲ ਮੀਡੀਆ ਰਾਹੀਂ ਸਰਗਰਮ ਰਿਹਾ।

ਉਸ ਨੂੰ ਐੱਸ ਪੀ ਗੁਰਬੰਸ ਬੈਂਸ, ਡੀ ਐੱਸ ਪੀ ਰਾਜੇਸ਼ ਮਲਹੋਤਰਾ, ਸੀ ਆਈ ਏ ਇੰਚਾਰਜ ਪ੍ਰਦੀਪ ਬਾਜਵਾ, ਬਨੂੜ ਥਾਣੇ ਦੇ ਮੁਖੀ ਅਰਸ਼ਦੀਪ ਸਿੰਘ ਅਤੇ ਸਮਾਣਾ ਸੀ ਆਈ ਏ ਇੰਚਾਰਜ ਅੰਕੁਰਦੀਪ ਸਿੰਘ 'ਤੇ ਆਧਾਰਿਤ ਟੀਮ ਨੇ ਗ੍ਰਿਫ਼ਤਾਰ ਕੀਤਾ ਹੈ। ਵਿਧਾਇਕ ਦੀ ਗ੍ਰਿਫ਼ਤਾਰੀ ਸਬੰਧੀ ਰਸਮੀ ਜਾਣਕਾਰੀ ਪਟਿਆਲਾ ਦੇ ਐੱਸ ਐੱਸ ਪੀ ਵਰੁਣ ਸ਼ਰਮਾ ਨੇ ਇੱਥੇ ਪ੍ਰੈੱਸ ਕਾਨਫਰੰਸ ਦੌਰਾਨ ਦਿੱਤੀ।

ਕਿਸੇ ਵੀ ਤਰ੍ਹਾਂ ਦੀ ਇਮੀਗਰੇਸ਼ਨ ਸਬੰਧੀ ਸੇਵਾਵਾਂ ਲਈ ਅੱਜ ਹੀ ਸੰਪਰਕ ਕਰੋ

Transparent IMMIGRATION SERVICES INC

- Visitor Visa/Extension
- Super Visa
- Study Permit/ PGWP
- LMIA
- Work Permit
- Spousal Sponsorship
- Express Entry Application
- PR Application/Renewal
- Citizenship Application
- Family Sponsorship



Maninder Kaur (RCIC)

For more information Contact 778-951-8252

#219, 7928-128 St. Surrey, British Columbia, V3W 4E8

Email: info@transparentimmigration.com

CONNECT INSURANCE BROKERS INC.

ਸੁਪਰ ਵੀਜ਼ਾ ਇੰਸ਼ੋਰੈਂਸ

Autoplan [ Home [ Travel
Mortgage [ Tenant

Call Now:
604.553.6616

165-23233 Gilley Road
Richmond, BC V6V 1E6




Eligible for 3 Years PGWP

Total Duration: 1.5 - 2 Years

Train On CESSNA 172

**From PPL to CPL, Your Aviation Career Begins Here**

Embark on an exhilarating journey into the world of aviation with Western Community College's comprehensive Aviation Diploma program. Designed to equip aspiring pilots with the skills and knowledge needed to soar to new heights, this diploma offers a structured pathway from Private Pilot License (PPL) to Commercial Pilot License (CPL).

45 Flying Hours
**Private Pilot License**

155 Flying Hours
**Commercial Pilot License**

200 Flying Hours
Graduate with **PPL + CPL Dual Credentials**

WCC

**Flying School**
Hangar F, Unit 120,
1185 Townline Road
Abbotsford, BC V2T 6E1
**abbyinfo@wcc.ca**

**Abbotsford**
Unit 201, 3670 Townline Rd
Abbotsford, BC V2T 5W8
+1-604-776-1301
**abbyinfo@wcc.ca**

SA
MEDIA GROUP

ਪੰਜਾਬੀ ਜਰਨਲ
DELTA OFFICE:
#3 7953 120 St. Delta
BC., V4C 6P6
Ph : **604-312-5678**
EMAIL:
punjabijournal@gmail.com
connect@asianjournal.ca

The publisher does not guarantee the insertion of any particular advertisement on a specified date, or at all. Further, the publisher does not accept liability for printing and beyond the amount for the space actually occupied by that portion of the advertisement in which error occurs. The publisher reserves the right to cancel any contact at any time.

**ਪੰਜਾਬੀ ਜਰਨਲ ਵਿਚ ਛਪੇ ਮੈਟਰ ਨਾਲ ਇਸ ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀ ਹੈ।**

RETURN UNDELIVERABLE TO
CIRCULATION WING
SA MEDIA GROUP
14308 62nd Ave.,
Surrey BC, V3S 0K5
PUBLICATION MAIL
Contract/Agreement
# is 41798524

1520799 BC Ltd
SA Media Group
(Punjabi Journal)
is not responsible or legally liable for any matter or typing mistake.

**Managing Director**
**SAHEBJIT SINGH RANDHAWA**

**For Advertising**
**Call 604-312-5678**

**Graphic Designer**
**Ashu Kashyap**

# ਭਗਤ ਸਿੰਘ ਨੂੰ ਇਨਕਲਾਬੀ ਹੋਣ ਕਾਰਨ ਨਹੀਂ ਸਗੋਂ ਇਕ ਅਫਸਰ ਨੂੰ ਮਾਰਨ ਲਈ ਫਾਂਸੀ ਦਿੱਤੀ



ਭਗਤ ਸਿੰਘ ਨਾ ਸਿਰਫ਼ ਭਾਰਤ ਦੇ ਮਹਾਨ ਆਜ਼ਾਦੀ ਘੁਲਾਟੀਆਂ ਅਤੇ ਇਨਕਲਾਬੀ ਸਮਾਜਵਾਦੀਆਂ ਵਿੱਚੋਂ ਇੱਕ ਸੀ, ਸਗੋਂ ਸਭ ਤੋਂ ਪੁਰਾਣੇ ਮਾਰਕਸਵਾਦੀ ਚਿੰਤਕਾਂ ਅਤੇ ਵਿਚਾਰਕਾਂ ਵਿੱਚੋਂ ਵੀ ਇੱਕ ਸੀ। ਬਦਕਿਸਮਤੀ ਨਾਲ ਉਸ ਦੇ ਜੀਵਨ ਦਾ ਇਹ ਪਹਿਲੂ ਮੁਕਾਬਲਤਨ ਅਣਗੌਲਿਆ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਹਰ ਕਿਸਮ ਦੇ ਪ੍ਰਤੀਕਿਰਿਆਵਾਦੀ, ਕੱਟੜਪੰਥੀ ਅਤੇ ਫਿਰਕਾਪ੍ਰਸਤ, ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ (ਜਿਨ੍ਹਾਂ ਵਿੱਚ ਚੰਦਰ ਸ਼ੇਖਰ ਆਜ਼ਾਦ ਵੀ ਸ਼ਾਮਲ ਹਨ) ਦੇ ਨਾਵਾਂ ਅਤੇ ਪ੍ਰਸਿੱਧੀ ਨੂੰ ਆਪਣੀ ਸਿਆਸਤ ਅਤੇ ਵਿਚਾਰਧਾਰਾ ਲਈ ਅਣਉਚਿਤ ਢੰਗ ਨਾਲ ਵਰਤਣ ਦੀ ਕੋਸ਼ਿਸ਼ ਕਰ ਰਹੇ ਹਨ।

ਇਹ ਗੱਲ ਮੇਰੇ ਕਮਾਲ ਦੇ ਅਧਿਆਪਕ ਅਤੇ ਮਾਰਗਦਰਸ਼ਕ ਪ੍ਰੋਫੈਸਰ ਬਿਪਿਨ ਚੰਦਰ ਨੇ ਭਗਤ ਸਿੰਘ ਵੱਲੋਂ ਲਿਖੇ ਲੇਖ 'ਮੈਂ ਨਾਸਤਿਕ ਕਿਉਂ ਹਾਂ' (ਜਿਸਦੀ ਖੋਜ ਪੰਜਾਬੀ ਕਵੀ ਅਮਰਜੀਤ ਚੰਦਨ ਨੇ 1979 ਵਿੱਚ ਕੀਤੀ ਸੀ) ਬਾਰੇ ਛਾਪੇ ਗਏ ਵੀਹ ਪੰਨਿਆਂ ਦੇ ਕਿਤਾਬਚੇ ਦੇ ਮੁੱਖਬੰਧ ਵਿੱਚ ਲਿਖੀ ਸੀ।

ਪਿਛਲੇ 40 ਸਾਲਾਂ ਵਿੱਚ ਭਗਤ ਸਿੰਘ ਦੇ ਇਸ ਇਤਿਹਾਸਕ ਮੁਲਾਂਕਣ ਨੇ ਜੇਕਰ ਸਿਧਾਂਤ ਨਹੀਂ ਤਾਂ ਨਿਰਵਿਵਾਦ ਤੱਥ ਦਾ ਦਰਜਾ ਪ੍ਰਾਪਤ ਕਰ ਲਿਆ ਹੈ। ਭਗਤ ਸਿੰਘ ਦੀਆਂ ਲਿਖਤਾਂ 'ਤੇ ਆਧਾਰਤ 'ਜੇਲ੍ਹ ਨੋਟਬੁੱਕ' ਦੇ ਕਈ ਐਡੀਸ਼ਨ ਪ੍ਰਕਾਸ਼ਿਤ ਕੀਤੇ।

ਗ਼ਦਰ ਲਹਿਰ ਦੇ ਇਤਿਹਾਸਕਾਰ ਹਰੀਸ਼ ਪੁਰੀ ਲਿਖਦੇ ਹਨ, ''ਹਾਲਾਂਕਿ, ਜਿਨ੍ਹਾਂ ਸਰੋਤਾਂ ਜਾਂ ਕਿਤਾਬਾਂ ਤੋਂ ਇਹ ਟਿੱਪਣੀਆਂ ਅਤੇ ਹਵਾਲੇ ਲਏ ਗਏ ਸਨ, ਉਨ੍ਹਾਂ ਦੇ ਸਤਹੀ ਜ਼ਿਕਰ ਨੇ ਪ੍ਰਮਾਣਿਕ ਸਰੋਤ ਬਾਰੇ ਇੱਕ ਉਲਝਣ ਭਰਿਆ ਸਵਾਲ ਖੜ੍ਹਾ ਕਰ ਦਿੱਤਾ ਹੈ। ਸਵਾਲ ਇਹ ਹੈ ਕਿ ਇਹ ਹਵਾਲੇ ਅਤੇ ਟਿੱਪਣੀਆਂ ਕਿਹੜੇ ਲੇਖਕਾਂ ਦੁਆਰਾ ਕਿਹੜੀਆਂ ਕਿਤਾਬਾਂ ਦੇ ਕਿਹੜੇ ਐਡੀਸ਼ਨਾਂ ਤੋਂ ਲਏ ਗਏ ਸਨ? ਨਤੀਜੇ ਵਜੋਂ, ਭਗਤ ਸਿੰਘ ਦੇ ਪ੍ਰਸ਼ੰਸਕ ਵਿਦਵਾਨਾਂ ਨੇ ਭਗਤ ਸਿੰਘ ਵੱਲੋਂ ਜੇਲ੍ਹ ਵਿੱਚ ਪੜ੍ਹੀਆਂ ਗਈਆਂ ਮਹਾਨ ਚਿੰਤਕਾਂ ਦੀਆਂ ਕਿਤਾਬਾਂ ਅਤੇ ਲਿਖਤਾਂ ਬਾਰੇ ਮਨਘੜਤ ਦਾਅਵੇ ਅਤੇ ਬੇਬੁਨਿਆਦ ਅੰਦਾਜ਼ੇ ਲਗਾਏ ਹਨ।'' ਭਗਤ ਸਿੰਘ ਨੇ 1925 ਤੋਂ 1928 ਤੱਕ ਬਹੁਤ ਜ਼ਿਆਦਾ ਪੜ੍ਹਿਆ, ਖ਼ਾਸ ਕਰ ਕੇ ਰੂਸੀ ਇਨਕਲਾਬ ਅਤੇ ਸੋਵੀਅਤ ਯੂਨੀਅਨ ਬਾਰੇ ਕਿਤਾਬਾਂ, ਹਾਲਾਂਕਿ ਅਜਿਹੀਆਂ ਕਿਤਾਬਾਂ ਪ੍ਰਾਪਤ ਕਰਨਾ ਉਸ ਲਈ ਬਹੁਤ ਮੁਸ਼ਕਲ ਰਿਹਾ ਹੋਵੇਗਾ। ਬਿਨਾਂ ਸ਼ੱਕ, ਭਗਤ ਸਿੰਘ 1920ਵਿਆਂ ਵਿੱਚ ਇਨਕਲਾਬੀ ਲਹਿਰਾਂ ਬਾਰੇ ਭਾਰਤ ਦੇ ਸਭ ਤੋਂ ਵੱਧ ਜਾਣਕਾਰ ਵਿਅਕਤੀਆਂ ਵਿੱਚੋਂ ਇੱਕ ਸੀ। ਲਾਹੌਰ ਹਾਈ ਕੋਰਟ ਵਿੱਚ ਆਪਣੇ ਮੁਕੱਦਮੇ ਦੌਰਾਨ, ਉਸ ਨੇ ਕਿਹਾ ਸੀ, ''ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ ਨਾਲ ਤਿੱਖੀ ਹੁੰਦੀ ਹੈ।''

1928 ਦੇ ਅੰਤ ਤੱਕ ਉਸ ਨੇ ਅਤੇ ਉਸ ਦੇ ਸਾਥੀਆਂ ਨੇ ਸਮਾਜਵਾਦ ਨੂੰ ਆਪਣੀਆਂ ਸਰਗਰਮੀਆਂ ਦੇ ਅੰਤਿਮ ਟੀਚੇ ਵਜੋਂ ਅਪਣਾ ਲਿਆ ਸੀ ਅਤੇ ਆਪਣੇ ਸੰਗਠਨ ਦਾ ਨਾਮ 'ਹਿੰਦੁਸਤਾਨ ਰਿਪਬਲਿਕਨ ਐਸੋਸੀਏਸ਼ਨ' ਤੋਂ ਬਦਲ ਕੇ 'ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ' ਰੱਖ ਦਿੱਤਾ ਸੀ। ਇਹ ਦਾਅਵਾ ਕੀਤਾ ਜਾਂਦਾ ਹੈ ਕਿ ਜੂਨ 1929 ਵਿੱਚ ਉਸ ਦੀ ਗ੍ਰਿਫ਼ਤਾਰੀ ਤੋਂ ਪਹਿਲਾਂ ਅਤੇ ਨਿਸ਼ਚਤ ਤੌਰ 'ਤੇ ਬਾਅਦ ਵਿੱਚ ਵੀ ਭਗਤ ਸਿੰਘ ਦੇ ਮਾਰਕਸਵਾਦ ਨੂੰ ਸਮਝਣ ਅਤੇ ਉਸ ਵਿੱਚ ਮੁਹਾਰਤ ਹਾਸਲ ਕਰਨ ਦੇ ਯਤਨ ਬੇਰੋਕ ਜਾਰੀ ਰਹੇ।

ਪਰ ਭਗਤ ਸਿੰਘ ਨੇ ਆਪਣੇ ਅਧਿਐਨ ਤੋਂ ਮਾਰਕਸਵਾਦ ਨੂੰ ਕਿਸ ਤਰ੍ਹਾਂ ਸਮਝਿਆ? ਕੀ ਇਸ ਮਾਰਕਸਵਾਦ ਨੇ ਉਸ ਨੂੰ ਭਾਰਤੀ ਰਾਸ਼ਟਰਵਾਦ ਦੀ ਸਮਕਾਲੀ ਰਾਜਨੀਤੀ, ਮਜ਼ਦੂਰ ਵਰਗ ਦੀਆਂ ਲਹਿਰਾਂ ਅਤੇ ਆਪਣੇ ਆਲੇ-ਦੁਆਲੇ ਦੀ ਤਤਕਾਲੀ ਇਤਿਹਾਸਕ ਅਤੇ ਸਮਾਜਿਕ ਹਕੀਕਤ ਨੂੰ ਸਮਝਣ ਵਿੱਚ ਕਿਸੇ ਵੀ ਤਰ੍ਹਾਂ ਮਦਦ ਕੀਤੀ? ਮਾਰਕਸਵਾਦ ਦੀ ਅਜਿਹੀ ਮੁਹਾਰਤ, ਜੋ ਕਿ ਸਿਰਫ਼ ਪਾਠ ਸਬੰਧੀ ਭਾਸ਼ਣ ਦਾ ਉਪਯੋਗ ਹੈ, ਉਦੋਂ ਤੱਕ 'ਬ੍ਰਾਹਮਣਵਾਦੀ ਮਾਰਕਸਵਾਦ' ਹੀ ਰਹੇਗਾ ਜਦੋਂ ਤੱਕ ਇਹ ਪਾਰਟੀ ਬੁੱਧੀਜੀਵੀਆਂ ਨੂੰ 'ਸਿਧਾਂਤ ਦੇ ਅਭਿਆਸ' ਲਈ ਇੱਕ ਢਾਂਚਾ ਬਣਾ ਕੇ ਆਪਣੇ ਸਮੇਂ ਦੀ ਸਮਾਜਿਕ ਹਕੀਕਤ ਨਾਲ ਜੁੜਨ ਵਿੱਚ ਮਦਦ ਨਹੀਂ ਕਰਦਾ।

ਤਾਂ ਫਿਰ, ਕਿਸ ਨੂੰ ਮਾਰਕਸਵਾਦੀ ਚਿੰਤਕ ਕਿਹਾ ਜਾਣਾ ਚਾਹੀਦਾ ਹੈ ਜਾਂ ਕਿਹਾ ਜਾ ਸਕਦਾ ਹੈ? ਇਹ ਸਵਾਲ ਸਾਨੂੰ ਇਤਾਲਵੀ ਬੁੱਧੀਜੀਵੀ ਅੰਤੋਨੀਓ ਗ੍ਰਾਮਸ਼ੀ ਦੀ ਯਾਦ ਦਿਵਾਉਂਦਾ ਹੈ, ਜਿਸ ਨੂੰ ਭਗਤ ਸਿੰਘ ਵਾਂਗ ਫਾਸ਼ੀਵਾਦੀ ਮੁਸੋਲਿਨੀ ਨੇ ਕੈਦ ਕਰ ਲਿਆ ਸੀ। ਗ੍ਰਾਮਸ਼ੀ ਨੂੰ 1926 ਵਿੱਚ ਕੈਦ ਕੀਤਾ ਗਿਆ ਸੀ ਅਤੇ 1937 ਵਿੱਚ ਆਪਣੀ ਮੌਤ ਤੋਂ ਥੋੜ੍ਹੀ ਦੇਰ ਪਹਿਲਾਂ ਤੱਕ ਉਹ ਜੇਲ੍ਹ ਵਿੱਚ ਹੀ ਸੀ। ਉਸ ਦੀ ਜੇਲ੍ਹ ਦੀ ਕਹਾਣੀ ਭਗਤ ਸਿੰਘ ਦੀਆਂ ਦੁੱਖਦਾਈ ਭੁੱਖ ਹੜਤਾਲਾਂ ਨਾਲੋਂ ਘੱਟ ਦਰਦਨਾਕ ਨਹੀਂ ਹੈ। ਫਿਰ ਵੀ ਇਨ੍ਹਾਂ ਹਾਲਾਤ ਵੀ ਵਿੱਚ ਉਸ ਨੇ ਕੌਮਾਂਤਰੀ ਇਨਕਲਾਬੀ ਲਹਿਰ ਦੀਆਂ ਠੋਸ ਸਮੱਸਿਆਵਾਂ, ਅਸਫ਼ਲਤਾਵਾਂ ਅਤੇ ਜਿੱਤਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹੋਏ ਆਪਣੇ ਪੜ੍ਹਨ ਤੇ ਲਿਖਣ ਦਾ ਕੰਮ ਜਾਰੀ ਰੱਖਿਆ।

ਆਪਣੇ ਅਧਿਐਨ 'ਚ ਗ੍ਰਾਮਸ਼ੀ ਨੇ ਤਿੰਨ ਮੁੱਖ ਨਵੇਂ ਸੰਕਲਪਾਂ ਨੂੰ ਪੇਸ਼ ਕੀਤਾ ਜੋ ਉਸ ਦੇ 'ਵਿਹਾਰਕ ਸਿਧਾਂਤ ਜਾਂ ਅਭਿਆਸ' ਦਾ ਆਧਾਰ ਬਣਦੇ ਹਨ। ਇਹ ਤਿੰਨ ਸੰਕਲਪ ਹਨ: ਰਾਜਨੀਤਕ ਚੌਧਰ/ ਸੱਭਿਆਚਾਰਕ ਚੌਧਰ; ਸਮਾਜ ਵਿੱਚ ਅਧੀਨਗੀ ਜਾਂ ਦਬਦਬੇ ਵਾਲੇ ਸਮੂਹ ਅਤੇ ਰੁਤ

ਅੱਜ-ਕੱਲ੍ਹ, ਟਰੰਪ-ਨੇਤਨਯਾਹੂ ਗੱਠਜੋੜ ਦੇ ਰਣਨੀਤਕ ਉਦੇਸ਼ਾਂ ਨੂੰ ਸਮਝਾਉਣ ਲਈ ਪੱਛਮੀ ਏਸ਼ਿਆਈ ਸੰਕਟ ਬਾਰੇ ਬਹਿਸਾਂ ਵਿੱਚ 'ਚੌਧਰ ਦੀ ਧਾਰਨਾ' ਦਾ ਹਵਾਲਾ ਦਿੱਤਾ ਜਾਂਦਾ ਹੈ। ਪਰ ਸੱਚਾਈ ਇਹ ਹੈ ਕਿ ਅਮਰੀਕਾ ਅਤੇ ਇਜ਼ਰਾਈਲ ਨੂੰ ਪਹਿਲਾਂ ਇਰਾਨੀ ਸਮਾਜ 'ਤੇ ਨਿਰਣਾਇਕ ਦਬਦਬਾ ਕਾਇਮ ਕਰ ਕੇ ਉਨ੍ਹਾਂ ਨੂੰ ਅਧੀਨਗੀ ਸਵੀਕਾਰ ਕਰਨ ਲਈ ਮਜਬੂਰ ਕਰਨਾ ਚਾਹੀਦਾ ਹੈ ਅਤੇ ਫਿਰ ਸੱਤਾ ਤਬਦੀਲੀ ਕਰਨੀ ਚਾਹੀਦੀ ਹੈ। 1857 ਦੇ ਭਾਰਤੀ ਵਿਦਰੋਹੀਆਂ, ਜਿਨ੍ਹਾਂ ਨੂੰ ਬਰਤਾਨਵੀ ਫੌਜ ਅਤੇ ਸਿੱਖ ਫੌਜੀਆਂ ਹੱਥੋਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ, ਨੂੰ ਬਰਤਾਨਵੀ ਰਾਜ ਦੀ ਚੌਧਰ ਨੂੰ ਉਦੋਂ ਸਵੀਕਾਰ ਕਰਨ ਲਈ ਮਜਬੂਰ ਹੋਣਾ ਪਿਆ ਜਦੋਂ ਉਨ੍ਹਾਂ ਨੇ ਦੇਖਿਆ ਕਿ ਉਨ੍ਹਾਂ ਦੇ ਕੁਲੀਨ ਵਰਗ ਨੂੰ ਸ਼ਾਸਨ ਵਿੱਚ ਸ਼ਾਮਲ ਕਰ ਲਿਆ ਗਿਆ ਹੈ। ਸਰ ਸਈਅਦ ਅਹਿਮਦ ਖਾਨ, ਜਿਨ੍ਹਾਂ ਨੂੰ 1888 ਵਿੱਚ ਬਰਤਾਨਵੀ ਸਰਕਾਰ ਨੇ 'ਨਾਈਟ ਕਮਾਂਡਰ ਔਫ ਦਿ ਆਰਡਰ ਔਫ ਦਿ ਸਟਾਰ ਔਫ ਦਿ ਇੰਡੀਆ' ਨਾਲ ਸਨਮਾਨਿਤ ਕੀਤਾ ਸੀ, ਨੂੰ ਨਵੇਂ ਸ਼ਾਸਕਾਂ ਦੀ ਪ੍ਰਭੂਸੱਤਾ ਨੂੰ ਸਵੀਕਾਰ ਕਰਨ ਲਈ ਪ੍ਰੇਰਿਆ ਗਿਆ। ਉਹ ਭਾਰਤੀ ਮੁਸਲਮਾਨਾਂ ਵਿੱਚ ਬਰਤਾਨੀਆ-ਪੱਖੀ ਰੁਖ਼ ਦਾ ਸਮਰਥਨ ਕਰਦੇ ਸਨ ਅਤੇ ਇਹ ਮੰਨਦੇ ਸਨ ਕਿ ਭਾਈਚਾਰੇ ਦੀ ਤਰੱਕੀ ਲਈ ਬਰਤਾਨਵੀ ਰਾਜ ਨੂੰ ਸਵੀਕਾਰ ਕਰਨਾ ਅਤੇ ਉਸ ਨਾਲ ਸਹਿਯੋਗ ਕਰਨਾ ਜ਼ਰੂਰੀ ਹੈ। ਜਿਨ੍ਹਾਂ ਮੁਸਲਮਾਨਾਂ ਨੇ ਸਹਿਯੋਗ ਕਰਨ ਤੋਂ ਇਨਕਾਰ ਕਰ ਦਿੱਤਾ, ਉਨ੍ਹਾਂ ਨੂੰ ਜਾਂ ਤਾਂ ਹਾਸ਼ੀਏ 'ਤੇ ਧੱਕ ਦਿੱਤਾ ਜਾਂ ਕਾਲੇਪਾਣੀ (ਅੰਡੇਮਾਨ) ਭੇਜ ਦਿੱਤਾ। ਇਸ ਦਾ ਮਤਲਬ ਸੀ ਕਿ ਸੱਤਾ ਦੀ ਤਬਦੀਲੀ ਤੋਂ ਬਿਨਾਂ ਚੌਧਰ ਸਥਾਪਿਤ ਨਹੀਂ ਕੀਤੀ ਜਾ ਸਕਦੀ।

ਇਸੇ ਕਰ ਕੇ ਅੱਜ ਦੇ ਇਰਾਨੀ ਲੋਕ ਇੱਕ ਗੰਭੀਰ ਦੁਬਿਧਾ ਦਾ ਸਾਹਮਣਾ ਕਰ ਰਹੇ ਹਨ, ਜਾਂ ਤਾਂ ਅਮਰੀਕੀ-ਇਜ਼ਰਾਈਲੀ ਚੌਧਰ ਨੂੰ ਸਵੀਕਾਰ ਕਰ ਕੇ ਬਚ ਜਾਣ ਜਾਂ ਸ਼ਹਾਦਤ ਨੂੰ ਗਲ਼ ਲਾ ਲੈਣ।

ਆਓ ਹੁਣ ਗ੍ਰਾਮਸ਼ੀ ਦੇ ਤੀਜੇ ਮੁੱਖ ਸੰਕਲਪ, 'ਰੁਤਬੇ ਲਈ ਸੰਘਰਸ਼' ਅਤੇ ਭਾਰਤ ਲਈ ਇਸ ਦੀ ਸਾਰਥਿਕਤਾ ਦਾ ਵਿਸ਼ਲੇਸ਼ਣ ਕਰੀਏ। ਗ੍ਰਾਮਸ਼ੀ ਨੇ ਇਹ ਮਹਿਸੂਸ ਕਰ ਲਿਆ ਸੀ ਕਿ ਬੋਲਸ਼ਵਿਕ ਅੰਦੋਲਨ ਕਾਰਨ ਥਸੰਕਟ ਵਿੱਚ ਘਿਰੀ ਰੂਸੀ ਜ਼ਾਰਸ਼ਾਹੀ ਤੋਂ ਹਿੰਸਕ ਢੰਗ ਨਾਲ ਸੱਤਾ ਹਥਿਆਉਣਾ ਇੱਕ ਢੁਕਵੀਂ ਰਣਨੀਤੀ ਹੋ ਸਕਦੀ ਹੈ, ਪਰ ਇਹ ਰਣਨੀਤੀ ਪੱਛਮ ਦੇ ਪੂੰਜੀਵਾਦੀ ਆਧੁਨਿਕ ਦੇਸ਼ਾਂ ਲਈ ਢੁਕਵੀਂ ਨਹੀਂ ਸੀ। 1920ਵਿਆਂ ਦੇ ਵਿਸ਼ਵ ਸਿਆਸੀ ਦ੍ਰਿਸ਼ 'ਤੇ ਨਜ਼ਰ ਮਾਰਨ ਮਗਰੋਂ ਗ੍ਰਾਮਸ਼ੀ ਨੇ ਸਿੱਟਾ ਕੱਢਿਆ ਕਿ ਭਾਰਤ ਵਿੱਚ ਗਾਂਧੀ ਵੀ ਇਸੇ ਤਰ੍ਹਾਂ ਦੀ ਰਣਨੀਤੀ ਅਪਣਾ ਰਹੇ ਸਨ। ਗ੍ਰਾਮਸ਼ੀ ਦਾ ਮੰਨਣਾ ਸੀ ਕਿ ਇਹ ਜਾਇਜ਼ ਸੀ ਕਿਉਂਕਿ ਰੂਸੀ ਜ਼ਾਰਸ਼ਾਹੀ ਦੇ ਉਲਟ, ਭਾਰਤੀ ਬਸਤੀਵਾਦੀ ਰਾਜ ਇੱਕ ਕਿਸਮ ਦਾ ਅਰਧ-ਪ੍ਰਧਾਨਤਾਵਾਦੀ ਰਾਜ ਸੀ, ਜਿੱਥੇ ਲੱਖਾਂ ਲੋਕ ਪਹਿਲਾਂ ਹੀ ਆਪਣੇ ਬਸਤੀਵਾਦੀ ਮਾਲਕਾਂ ਦੀ ਅਧੀਨਗੀ ਸਵੀਕਾਰ ਕਰ ਚੁੱਕੇ ਸਨ।

ਭਗਤ ਸਿੰਘ ਲਈ, ਗਾਂਧੀ ਉਸ ਦੀ ਇੱਛਤ ਹਿੰਸਕ ਕ੍ਰਾਂਤੀ ਵਿੱਚ ਇੱਕ ਰੁਕਾਵਟ ਸੀ। ਭਗਤ ਸਿੰਘ ਦਾ ਮੰਨਣਾ ਸੀ ਕਿ ਗਾਂਧੀ ਦਾ ਅਹਿੰਸਾ ਦਾ ਰਸਤਾ ਇਕ ਤਰ੍ਹਾਂ ਨਾਲ ਭਾਰਤ ਵਿੱਚ ਅਰਧ-ਪ੍ਰਧਾਨਤਾਵਾਦੀ ਰਾਜ ਦੀ ਹਮਾਇਤ ਕਰਨਾ ਸੀ। ਉਦਾਹਰਣ ਵਜੋਂ, ਸਾਡੇ ਮਹਾਨ ਕਵੀ ਰਾਬਿੰਦਰਨਾਥ ਟੈਗੋਰ ਕਿੰਨੇ ਖੁਸ਼ ਸਨ ਜਦੋਂ ਬਰਤਾਨਵੀ ਅਧਿਕਾਰੀਆਂ ਨੇ ਉਨ੍ਹਾਂ ਨੂੰ ਨਾਈਟਹੁੱਡ ਦੀ ਉਪਾਧੀ ਦਿੱਤੀ। ਪੰਜਾਬ ਦੇ ਕਿੰਨੇ ਜ਼ੈਲਦਾਰ ਅਤੇ ਨੰਬਰਦਾਰ ਜੋ ਪਿੰਡਾਂ ਵਿੱਚ ਬਸਤੀਵਾਦੀ ਰਾਜ ਦੀਆਂ ਅੱਖਾਂ ਅਤੇ ਕੰਨ ਸਨ, ਇੱਕ ਬਰਤਾਨਵੀ ਡਿਪਟੀ ਕੁਲੈਕਟਰ ਤੋਂ ਮਾਨਤਾ ਪ੍ਰਾਪਤ ਕਰ ਕੇ ਕਿੰਨੇ ਖੁਸ਼ ਹੋਏ ਹੋਣਗੇ।

ਇਸੇ ਕਰ ਕੇ ਸਾਈਮਨ ਵਿਰੋਧੀ ਮੁਜ਼ਾਹਰਿਆਂ ਦੌਰਾਨ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਲਾਲਾ ਲਾਜਪਤ ਰਾਏ 'ਤੇ ਲਾਠੀਚਾਰਜ ਲਈ ਬ੍ਰਿਟਿਸ਼ ਅਫਸਰ ਜੇਮਜ਼ ਸਕੌਟ ਨੂੰ ਦੋਸ਼ੀ ਠਹਿਰਾਇਆ, ਪਰ ਇਸ ਤੱਥ ਤੋਂ ਅੱਖਾਂ ਫੇਰ ਲਈਆਂ ਕਿ ਅਸਲ ਵਿੱਚ ਉਹ ਪੰਜਾਬ ਪੁਲੀਸ ਦੇ ਕਰਮਚਾਰੀ ਹੀ ਸਨ ਜਿਨ੍ਹਾਂ ਨੇ ਲਾਲਾ ਜੀ ਨੂੰ ਕੁੱਟਿਆ ਸੀ। ਗਾਂਧੀ ਜੀ ਨੂੰ ਲਿਖੇ ਇੱਕ ਪੱਤਰ ਵਿੱਚ ਟਾਲਸਟਾਏ ਦੀ ਇਹ ਟਿੱਪਣੀ ਬਿਲਕੁਲ ਸਹੀ ਹੈ ਕਿ ''ਅੰਗਰੇਜ਼ਾਂ ਨੇ ਨਹੀਂ, ਸਗੋਂ ਭਾਰਤੀਆਂ ਨੇ ਖ਼ੁਦ ਨੂੰ ਗ਼ੁਲਾਮ ਬਣਾਇਆ ਹੈ।''

17 ਦਸੰਬਰ, 1928 ਨੂੰ ਲਾਹੌਰ ਵਿੱਚ, ਬਰਤਾਨਵੀ ਅਫਸਰ ਜੌਹਨ ਸਾਂਡਰਸ (ਜਿਸ ਨੂੰ ਸਕੌਟ ਦੀ ਬਜਾਏ ਗ਼ਲਤੀ ਨਾਲ ਨਿਸ਼ਾਨਾ ਬਣਾਇਆ ਗਿਆ ਸੀ) ਦੀ ਹੱਤਿਆ ਤੋਂ ਕੁਝ ਸਮੇਂ ਬਾਅਦ, ਚੰਦਰਸ਼ੇਖਰ ਆਜ਼ਾਦ ਨੇ ਚੰਨਣ ਸਿੰਘ ਨਾਮੀ ਇੱਕ ਭਾਰਤੀ ਪੁਲੀਸ ਕਾਂਸਟੇਬਲ ਨੂੰ ਉਦੋਂ ਗੋਲੀ ਮਾਰ ਦਿੱਤੀ ਜਦੋਂ ਉਹ ਸਾਂਡਰਸ ਨੂੰ ਗੋਲੀ ਮਾਰ ਕੇ ਭੱਜੇ ਜਾਂਦੇ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਫੜਨ ਦੀ ਕੋਸ਼ਿਸ਼ ਕਰ ਰਿਹਾ ਸੀ।

ਭਗਤ ਸਿੰਘ ਤੇ ਹੋਰ ਇਨਕਲਾਬੀ ਇਹ ਨਹੀਂ ਸਮਝ ਸਕੇ ਕਿ ਬ੍ਰਿਟਿਸ਼ ਰਾਜ ਨੇ ਉਨ੍ਹਾਂ ਨੂੰ ਮੀਡੀਆ ਰਾਹੀਂ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਨ, ਅਦਾਲਤ ਵਿੱਚ ਇਨਕਲਾਬੀ ਗੀਤ ਗਾਉਣ ਜਾਂ ਜੇਲ੍ਹ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਕਿਤਾਬਾਂ ਪੜ੍ਹਨ ਦੀ ਇਜਾਜ਼ਤ ਕਿਉਂ ਦਿੱਤੀ ਗਈ।

ਇਹ ਸੰਖੇਪ ਚਰਚਾ ਇਹ ਸਪੱਸ਼ਟ ਕਰਦੀ ਹੈ ਕਿ ਭਗਤ ਸਿੰਘ ਮਾਰਕਸਵਾਦ ਦੀਆਂ ਸਿਰਫ਼ ਮੂਲ ਗੱਲਾਂ ਨੂੰ ਹੀ ਸਮਝਦੇ ਸਨ। ਉਹ ਇੱਕ ਅਜਿਹਾ ਨਵਾਂ ਢਾਂਚਾ ਵਿਕਸਿਤ ਕਰਨ ਵਿੱਚ ਅਸਮਰੱਥ ਸਨ ਜੋ ਲੱਖਾਂ ਭਾਰਤੀਆਂ ਦੀ ਸਹਿਮਤੀ ਨਾਲ ਜਾਇਜ਼ ਠਹਿਰਾਏ ਗਏ ਆਧੁਨਿਕ ਕੇਂਦਰੀਕ੍ਰਿਤ ਨੌਕਰਸ਼ਾਹੀ ਰਾਜ ਦੀ ਅਸਾਧਾਰਨ ਗੁੰਝਲਦਾਰ ਹਕੀਕਤ ਨਾਲ ਰਚਨਾਤਮਕ ਤੌਰ 'ਤੇ ਜੁੜ ਸਕੇ। ਦਰਅਸਲ, ਉਹ ਅਕਾਲੀ ਲਹਿਰ (1925-25) ਦੇ ਤਜਰਬੇ ਨੂੰ ਗ੍ਰਹਿਣ ਕਰਨ ਵਿੱਚ ਅਸਫ਼ਲ ਰਹੇ ਸਨ, ਜੋ ਕਿ ਉਪ-ਮਹਾਂਦੀਪ ਦਾ ਪਹਿਲਾ ਵੱਡਾ ਸ਼ਾਂਤੀਪੂਰਨ ਜਨਤਕ ਅੰਦੋਲਨ ਸੀ, ਜਿਸ ਨੂੰ ਬਰਤਾਨਵੀ ਅਧਿਕਾਰੀਆਂ ਨੇ ਤਾਕਤ ਨਾਲ ਦਬਾਉਣ ਦੀ ਕੋਸ਼ਿਸ਼ ਕੀਤੀ ਸੀ। ਗਾਂਧੀ ਨੇ ਅਕਾਲੀ ਅੰਦੋਲਨਕਾਰੀਆਂ ਨੂੰ ਇੱਕ ਟੈਲੀਗ੍ਰਾਮ ਵਿੱਚ ਸੁਨੇਹਾ ਭੇਜਿਆ ਸੀ ਕਿ 'ਆਜ਼ਾਦੀ ਦੀ ਪਹਿਲੀ ਲੜਾਈ ਜਿੱਤ ਲਈ ਗਈ ਹੈ।' ਪੰਜਾਬ ਵਿੱਚ ਉਸ ਨੂੰ ਫੇਲ੍ਹ ਹੋਈ ਗਦਰ ਲਹਿਰ ਹੀ ਨਜ਼ਰ ਆਉਂਦੀ ਸੀ। ਭਗਤ ਸਿੰਘ ਨੇ ਜੇਲ੍ਹ ਵਿੱਚ ਮਾਰਕਸ, ਲੈਨਿਨ ਤੇ ਹੋਰ ਬਹੁਤ ਸਾਰੇ ਲੇਖਕਾਂ ਨੂੰ ਜ਼ਰੂਰ ਪੜ੍ਹਿਆ ਸੀ। ਪੜ੍ਹ ਕੇ ਉਨ੍ਹਾਂ ਵਿੱਚੋਂ ਲੋੜੀਂਦੀਆਂ ਟੂਕਾਂ ਨੂੰ ਆਪਣੀ ਡਾਇਰੀ ਵਿੱਚ ਦਰਜ ਵੀ ਕੀਤਾ ਸੀ।

ਹਕੀਕਤ ਇਹ ਹੈ ਕਿ ਭਗਤ ਸਿੰਘ ਨੂੰ ਉਸ ਦੇ ਇਨਕਲਾਬੀ ਵਿਚਾਰਾਂ ਲਈ ਨਹੀਂ ਸਗੋਂ ਇੱਕ ਬਰਤਾਨਵੀ ਅਫ਼ਸਰ ਨੂੰ ਮਾਰਨ ਲਈ ਫਾਂਸੀ ਦਿੱਤੀ ਗਈ ਸੀ।

# ਸ਼ਹੀਦ ਭਗਤ ਸਿੰਘ ਰਾਜ ਗੁਰੂ ਤੇ ਸੁਖਦੇਵ ਨੂੰ ਕਿਵੇਂ ਦਿੱਤੀ ਫਾਂਸੀ?




ਤੇਈ ਮਾਰਚ 1931 ਨੂੰ ਦੇਸ਼ ਦੀ ਆਜ਼ਾਦੀ ਲਈ ਚੜ੍ਹਦੀ ਉਮਰ ਦੇ ਨੌਜਵਾਨਾਂ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੇ ਫਾਂਸੀ ਦੇ ਰੱਸੇ ਨੂੰ ਚੁੰਮਦਿਆਂ ਮੌਤ ਨੂੰ ਗਲ ਲਾ ਲਿਆ ਸੀ। ਉਸ ਵਰ੍ਹੇ ਦਾ 23 ਮਾਰਚ ਕੋਈ ਆਮ ਦਿਨ ਨਹੀਂ ਸੀ। 22 ਮਾਰਚ ਦੀ ਰਾਤ ਨੂੰ ਹਨੇਰੀ ਚੱਲੀ ਸੀ, ਪਰ ਅਗਲੇ ਦਿਨ ਮੌਸਮ ਸ਼ਾਂਤ ਸੀ। ਇਸ ਦੇ ਬਾਵਜੂਦ ਉਸ ਜੇਲ੍ਹ ਵਿੱਚ ਕੈਦੀਆਂ ਦੇ ਮਨਾਂ ਦੇ ਸ਼ਾਂਤ ਮੌਸਮ 'ਚ ਉਦੋਂ ਤੂਫ਼ਾਨ ਉੱਠ ਖੜੋਤਾ, ਜਦੋਂ 23 ਮਾਰਚ ਦੀ ਸ਼ਾਮ ਚਾਰ ਵਜੇ ਦੇ ਕਰੀਬ ਜੇਲ੍ਹ ਵਾਰਡਨ ਨੇ ਕੈਦੀਆਂ ਨੂੰ ਆਪੋ-ਆਪਣੀਆਂ ਕੋਠੜੀਆਂ 'ਚ ਜਾਣ ਲਈ ਕਿਹਾ। ਉਸ ਨੇ ਕਿਸੇ ਨੂੰ ਕੋਈ ਕਾਰਨ ਨਾ ਦੱਸਦਿਆਂ ਬਸ ਏਨਾ ਕਿਹਾ, ''ਉੱਪਰੋਂ ਹੁਕਮ ਆਇਆ ਹੈ।'' ਕਿਸੇ ਨੂੰ ਕੁਝ ਸਮਝ ਨਹੀਂ ਸੀ ਲੱਗੀ ਕਿ ਉਨ੍ਹਾਂ ਨੂੰ ਅਜਿਹਾ ਹੁਕਮ ਕਿਉਂ ਦਿੱਤਾ ਗਿਆ ਹੈ? ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਤਾਂ 24 ਮਾਰਚ ਦੀ ਸਵੇਰ ਫਾਂਸੀ ਦਿੱਤੀ ਜਾਣੀ ਸੀ, ਪਰ ਫਿਰ ਥੋੜ੍ਹੀ ਦੇਰ ਬਾਅਦ ਜੇਲ੍ਹ ਦੀਆਂ ਕੋਠੜੀਆਂ ਅੱਗਿਓਂ ਲੰਘਦੇ ਨਾਈ ਬਰਕਤ ਨੇ ਦੱਬਵੀਂ ਸੁਰ 'ਚ ਕੈਦੀਆਂ ਨੂੰ ਸੂਚਨਾ ਦਿੱਤੀ ਕਿ ਇਨ੍ਹਾਂ ਤਿੰਨਾਂ ਨੌਜਵਾਨਾਂ ਨੂੰ ਦੇਰ ਸ਼ਾਮ ਹੀ ਫਾਂਸੀ ਦਿੱਤੀ ਜਾਣੀ ਹੈ। ਇਸ ਸੂਚਨਾ ਮਗਰੋਂ ਸਾਰੇ ਕੈਦੀਆਂ 'ਚ ਖਾਮੋਸ਼ੀ ਛਾ ਗਈ। ਜਿਸ ਔਖੀ ਘੜੀ ਲਈ ਜੇਲ੍ਹ ਦੇ ਬਾਕੀ ਕੈਦੀ ਖ਼ੁਦ ਨੂੰ ਮਾਨਸਿਕ ਤੌਰ 'ਤੇ ਤਿਆਰ ਕਰ ਰਹੇ ਸਨ, ਉਹ ਅਚਾਨਕ ਹੀ ਉਨ੍ਹਾਂ ਦੇ ਸਾਹਵੇਂ ਆ ਖਲੋਤੀ ਸੀ। ਇਸ ਮਗਰੋਂ ਸਭ ਦੀਆਂ ਨਜ਼ਰਾਂ ਕੋਠੜੀਆਂ ਅੱਗਿਓਂ ਲੰਘਦੇ ਰਾਹ 'ਤੇ ਟਿਕੀਆਂ ਹੋਈਆਂ ਸਨ, ਜਿੱਥੋਂ ਫਾਂਸੀ ਦੇਣ ਲਈ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਲਿਜਾਇਆ ਜਾਣਾ ਸੀ।

ਕਹਿੰਦੇ ਨੇ ਸਿਵਲ ਨਾਫ਼ਰਮਾਨੀ ਲਹਿਰ 'ਚ ਹਿੱਸਾ ਲੈਣ ਕਾਰਨ 1930-31 'ਚ ਉਸੇ ਜੇਲ੍ਹ ਵਿੱਚ ਬੰਦ ਕਾਂਗਰਸੀ ਆਗੂ ਭੀਮ ਸੈਨ ਸੱਚਰ ਨੇ ਜਦੋਂ ਭਗਤ ਸਿੰਘ ਤੇ ਸਾਥੀਆਂ ਨੂੰ ਪੁੱਛਿਆ ਸੀ ਕਿ ਉਨ੍ਹਾਂ ਨੇ ਲਾਹੌਰ ਸਾਜ਼ਿਸ਼ ਕੇਸ ਵਿੱਚ ਆਪਣਾ ਬਚਾਅ ਕਿਉਂ ਨਹੀਂ ਕੀਤਾ ਤਾਂ ਭਗਤ ਸਿੰਘ ਦਾ ਜਵਾਬ ਸੀ, ''ਇਨਕਲਾਬੀਆਂ ਨੇ ਮਰਨਾ ਹੀ ਹੁੰਦਾ ਹੈ ਕਿਉਂਕਿ ਅਦਾਲਤ 'ਚ ਅਪੀਲਾਂ ਕਰਨ ਨਾਲ ਨਹੀਂ, ਸਗੋਂ ਮਰਨ ਨਾਲ ਹੀ ਉਨ੍ਹਾਂ ਦੀ ਮੁਹਿੰਮ ਮਜ਼ਬੂਤ ਹੋਵੇਗੀ।''

ਵਕੀਲ ਪ੍ਰਾਣ ਨਾਥ ਮਹਿਤਾ ਜਦੋਂ ਫਾਂਸੀ ਦਿੱਤੇ ਜਾਣ ਤੋਂ ਦੋ ਘੰਟੇ ਪਹਿਲਾਂ ਭਗਤ ਸਿੰਘ ਨੂੰ ਮਿਲਣ ਗਿਆ ਤਾਂ ਉਸ ਦਾ ਸਵਾਲ ਸੀ, ''ਮੇਰੀ ਕਿਤਾਬ 'ਸਟੇਟ ਐਂਡ ਰੈਵੋਲਿਊਸ਼ਨ' (ਵਲਾਦੀਮੀਰ ਲੈਨਿਨ) ਲਿਆਏ ਹੋ ਜਾਂ ਨਹੀਂ?'' ਮਹਿਤਾ ਨੇ ਜਦੋਂ ਕਿਤਾਬ ਦਿੱਤੀ ਤਾਂ ਉਸੇ ਵੇਲੇ ਉਹ ਕਿਤਾਬ ਪੜ੍ਹਨ ਲੱਗਿਆ, ਜਿਵੇਂ ਉਸ ਕੋਲ ਜ਼ਿਆਦਾ ਸਮਾਂ ਨਾ ਬਚਿਆ ਹੋਵੇ। ਮਹਿਤਾ ਨੇ ਪੁੱਛਿਆ ਕਿ ਕੀ ਉਹ ਦੇਸ਼ ਨੂੰ ਕੋਈ ਸੰਦੇਸ਼ ਦੇਣਾ ਚਾਹੁੰਦਾ ਹੈ ਤਾਂ ਉਸ ਨੇ ਦੋ ਸੰਦੇਸ਼ ਦਿੱਤੇ, 'ਸਾਮਰਾਜਵਾਦ ਮੁਰਦਾਬਾਦ' ਅਤੇ 'ਇਨਕਲਾਬ ਜ਼ਿੰਦਾਬਾਦ'। ਭਗਤ ਸਿੰਘ ਦੇ ਸਾਥੀ ਰਹੇ ਸ਼ਿਵ ਵਰਮਾ ਨੇ ਆਪਣੀ ਕਿਤਾਬ 'ਰੈਮਨੀਸੈਂਸਜ਼ ਔਫ ਫੈਲੋ ਰੈਵੋਲਿਊਸ਼ਨਰੀ' ਵਿੱਚ ਲਿਖਿਆ ਹੈ: 'ਮੈਂ ਵੀ ਉਸੇ ਜੇਲ੍ਹ ਵਿੱਚ ਸੀ ਜਿੱਥੇ ਭਗਤ ਸਿੰਘ ਸੀ। ਸ਼ਾਮ ਵੇਲੇ ਸਾਡੀ ਜੇਲ੍ਹ ਦੇ ਤਾਲੇ ਖੋਲ੍ਹੇ ਗਏ ਅਤੇ ਸਾਨੂੰ ਬਾਹਰ ਨਿਕਲਣ ਲਈ ਆਖਿਆ ਗਿਆ। ਸਰਕਾਰ ਚਾਹੁੰਦੀ ਸੀ ਕਿ ਸਾਨੂੰ ਉੱਥੋਂ ਹਟਾ ਦਿੱਤਾ ਜਾਵੇ। ਗੇਟ ਵੱਲ ਜਾਣ ਤੋਂ ਪਹਿਲਾਂ ਜੇਲ੍ਹ ਦੇ ਸੁਪਰਡੈਂਟ ਨੇ ਸਾਨੂੰ ਪੁੱਛਿਆ, ''ਕੀ ਤੁਸੀਂ ਆਪਣੇ ਸਾਥੀਆਂ ਨੂੰ ਮਿਲਣਾ ਚਾਹੁੰਦੇ ਹੋ?'' ਫਿਰ ਸਾਨੂੰ ਭਗਤ ਸਿੰਘ ਦੀ ਕੋਠੜੀ ਅੱਗੇ ਲਿਜਾਇਆ ਗਿਆ। ਉਸ ਨੂੰ ਦੇਖਦਿਆਂ ਹੀ ਮੇਰੀਆਂ ਅੱਖਾਂ 'ਚ ਹੰਝੂ ਆ ਗਏ। ਭਗਤ ਸਿੰਘ ਦਾ ਕਹਿਣਾ ਸੀ, ''ਇਹ ਭਾਵੁਕ ਹੋਣ ਦਾ ਸਮਾਂ ਨਹੀਂ। ਜਲਦੀ ਹੀ ਮੈਂ ਸਾਰੇ ਫ਼ਿਕਰਾਂ ਤੋਂ ਮੁਕਤ ਹੋ ਜਾਵਾਂਗਾ। ਵਾਅਦਾ ਕਰੋ ਕਿ ਤੁਸੀਂ ਹਾਰ ਨਹੀਂ ਮੰਨੋਗੇ।'' ਏਨਾ ਕਹਿ ਕੇ ਉਸ ਨੇ ਆਪਣੀ ਜੇਲ੍ਹ ਦੀ ਕੋਠੜੀ ਦੀਆਂ ਸੀਖਾਂ 'ਚੋਂ ਹੱਥ ਬਾਹਰ ਕੱਢ ਕੇ ਮੇਰੇ ਹੱਥਾਂ ਨੂੰ ਫੜ ਲਿਆ। ਇਹ ਦ੍ਰਿਸ਼ ਦੇਖਦਿਆਂ ਹੀ ਜੇਲ੍ਹ ਸੁਪਰਡੈਂਟ ਨੇ ਜ਼ੋਰ ਨਾਲ ਆਖਿਆ, ''ਮਾਰਚ।'' ਇਹ ਸ਼ਿਵ ਵਰਮਾ ਦੀ ਭਗਤ ਸਿੰਘ ਨਾਲ ਆਖ਼ਰੀ ਮੁਲਾਕਾਤ ਸੀ।

ਤਿੰਨਾਂ ਇਨਕਲਾਬੀਆਂ ਦਾ ਵਕੀਲ ਪ੍ਰਾਣ ਨਾਥ ਮਹਿਤਾ ਭਗਤ ਸਿੰਘ ਨੂੰ ਮਿਲਣ ਮਗਰੋਂ ਰਾਜਗੁਰੂ ਨੂੰ ਮਿਲਣ ਗਿਆ। ਰਾਜਗੁਰੂ ਦੇ ਅੰਤਿਮ ਸ਼ਬਦ ਸਨ, ''ਅਸੀਂ ਲੋਕ ਜਲਦੀ ਮਿਲਾਂਗੇ।'' ਸੁਖਦੇਵ ਨੇ ਮੁਲਾਕਾਤ ਮੌਕੇ ਮਹਿਤਾ ਨੂੰ ਕਿਹਾ ਕਿ ਉਸ ਦੀ ਮੌਤ ਤੋਂ ਬਾਅਦ ਉਹ ਜੇਲ੍ਹਰ ਤੋਂ ਕੈਰਮ ਬੋਰਡ ਲੈ ਲਵੇ, ਜੋ ਮਹਿਤਾ ਨੇ ਕੁਝ ਮਹੀਨੇ ਪਹਿਲਾਂ ਉਸ ਨੂੰ ਦਿੱਤਾ ਸੀ। ਮਹਿਤਾ ਵੱਲੋਂ ਤਿੰਨਾਂ ਨਾਲ ਮੁਲਾਕਾਤ ਮਗਰੋਂ ਜੇਲ੍ਹ ਅਧਿਕਾਰੀਆਂ ਨੇ ਇਨ੍ਹਾਂ ਇਨਕਲਾਬੀਆਂ ਨੂੰ ਦੱਸ ਦਿੱਤਾ ਸੀ ਕਿ ਇਨ੍ਹਾਂ ਨੂੰ ਮਿਥੇ ਸਮੇਂ ਤੋਂ ਕੋਈ 11 ਘੰਟੇ ਪਹਿਲਾਂ ਫਾਂਸੀ ਦਿੱਤੀ ਜਾ ਰਹੀ ਹੈ। 24 ਮਾਰਚ ਦੀ ਸਵੇਰ 6 ਵਜੇ ਦੀ ਬਜਾਏ ਉਨ੍ਹਾਂ ਨੂੰ 23 ਮਾਰਚ ਦੀ ਸ਼ਾਮ 7 ਵਜੇ ਹੀ ਫਾਂਸੀ ਦੇ ਦਿੱਤੀ ਜਾਵੇਗੀ। ਉਦੋਂ ਤੱਕ ਭਗਤ ਸਿੰਘ ਮਹਿਤਾ ਵੱਲੋਂ ਲਿਆਂਦੀ ਗਈ ਕਿਤਾਬ ਦੇ ਕੁਝ ਪੰਨੇ ਹੀ ਪੜ੍ਹ ਸਕਿਆ ਸੀ। ਜੇਲ੍ਹ ਅਧਿਕਾਰੀਆਂ ਦੀ ਗੱਲ ਸੁਣ ਕੇ ਉਸ ਦੇ ਮੂੰਹੋਂ ਏਨਾ ਹੀ ਨਿਕਲਿਆ, ''ਕੀ ਤੁਸੀਂ ਮੈਨੂੰ ਇਸ ਕਿਤਾਬ ਦਾ ਇੱਕ ਅਧਿਆਏ ਵੀ ਖ਼ਤਮ ਨਹੀਂ ਕਰਨ ਦਿਓਗੇ?''

ਜਿਉਂ ਹੀ ਜੇਲ੍ਹ ਦੀ ਘੜੀ ਨੇ 6 ਵਜਾਏ, ਕੈਦੀਆਂ ਨੂੰ ਦੂਰੋਂ ਆਉਂਦੀ ਭਾਰੀ ਬੂਟਾਂ ਦੀ ਆਵਾਜ਼ ਸੁਣੀ ਅਤੇ ਤਿੰਨਾਂ ਵੱਲੋਂ ਗੀਤ 'ਸਰਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ...' ਦੇ ਨਾਲ ਹੀ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਸੁਣਾਈ ਦੇਣ ਲੱਗੇ। ਤਿੰਨਾਂ ਨੂੰ ਫਾਂਸੀ ਦੇਣ ਲਈ ਮਸੀਹ ਜੱਲਾਦ ਨੂੰ ਸੱਦਿਆ ਗਿਆ। ਫਾਹੇ ਲਾਏ ਜਾਣ ਵੇਲੇ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੇ ਵਿਚਾਲੇ ਖੜ੍ਹਾ ਸੀ। ਉਹ ਆਪਣੀ ਮਾਂ ਨਾਲ ਕੀਤਾ ਵਾਅਦਾ ਨਿਭਾਅ ਰਿਹਾ ਸੀ ਕਿ ਉਹ ਫਾਂਸੀ ਦੇ ਤਖ਼ਤੇ ਤੋਂ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਲਾਵੇਗਾ।

ਓਦਾਂ ਉਸ ਦੀ ਮਾਂ ਵਿਦਿਆਵਤੀ ਨੇ ਵੀ ਭਗਤ ਸਿੰਘ ਲਈ ਆਮ ਮਾਵਾਂ ਵਾਂਗ ਬਹੁਤ ਸਾਰੇ ਸੁਫ਼ਨੇ ਦੇਖੇ ਸਨ। ਉਹ ਵੀ ਆਪਣੇ ਪੁੱਤਰ ਦਾ ਵਿਆਹ ਕਰ ਕੇ ਆਪਣੀ ਨੂੰਹ ਦੇ ਸਿਰ ਤੋਂ ਪਾਣੀ ਵਾਰ ਕੇ ਪੀਣਾ ਚਾਹੁੰਦੀ ਸੀ। ਰਾਸ਼ਟਰਵੰਦਨਾ ਨਾਂ ਦੇ ਯੂ-ਟਿਊਬ ਚੈਨਲ 'ਤੇ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਨ ਸਿੰਘ ਦੀ ਆਪਣੀ ਨਾਨੀ (ਮਾਤਾ ਵਿਦਿਆਵਤੀ) ਨਾਲ ਕੀਤੀ ਆਡੀਓ ਇੰਟਰਵਿਊ ਮਿਲਦੀ ਹੈ ਜਿਸ 'ਚ ਉਹ ਦੱਸਦੀ ਹੈ ਕਿ ਉਹ ਜਦੋਂ ਵੀ ਭਗਤ ਸਿੰਘ ਦੇ ਵਿਆਹ ਦੀ ਗੱਲ ਕਰਦੀ ਤਾਂ ਅੱਗਿਓਂ ਉਸ ਦਾ ਜਵਾਬ ਹੁੰਦਾ ਸੀ, ''ਬੇਬੇ, ਮੈਂ ਉਹ ਵਹੁਟੀ ਲਿਆਊਂਗਾ, ਜਿਹੜੀ ਤੈਨੂੰ ਮੰਜੇ ਤੋਂ ਭੁੰਜੇ ਨਾ ਲਹਿਣ ਦੇਵੇ, ਜਿਹੜੀ ਤੈਨੂੰ ਕੋਈ ਕੰਮ ਨਾ ਕਰਨ ਦੇਵੇ ਅਤੇ ਤੇਰੀ ਸੇਵਾ ਕਰੇ।''

ਇਨ੍ਹਾਂ ਇਨਕਲਾਬੀਆਂ ਦੇ ਪਰਿਵਾਰ ਆਖ਼ਰੀ ਸਮੇਂ ਇਨ੍ਹਾਂ ਨਾਲ ਮੁਲਾਕਾਤ ਨਹੀਂ ਕਰ ਸਕੇ। ਦਰਅਸਲ, 23 ਮਾਰਚ ਨੂੰ ਭਗਤ ਸਿੰਘ ਦੇ ਪੂਰੇ ਪਰਿਵਾਰ ਦੀ ਥਾਂ ਸਿਰਫ਼ ਉਸ ਦੇ ਮਾਪਿਆਂ ਨੂੰ ਹੀ ਮੁਲਾਕਾਤ ਕਰਨ ਦੀ ਇਜਾਜ਼ਤ ਦਿੱਤੀ ਗਈ, ਪਰ ਦਾਦਾ ਦਾਦੀ ਅਤੇ ਚਾਚੀਆਂ ਨੂੰ ਮਿਲਣ ਦੀ ਆਗਿਆ ਨਾ ਦਿੱਤੇ ਜਾਣ ਕਾਰਨ ਮਾਪਿਆਂ ਨੇ ਵੀ ਰੋਸ ਵਜੋਂ ਮੁਲਾਕਾਤ ਤੋਂ ਇਨਕਾਰ ਕਰ ਦਿੱਤਾ। ਹੋਰ ਤਾਂ ਹੋਰ ਸ਼ਹੀਦ ਰਾਜਗੁਰੂ ਦੀ ਮਾਂ ਤੇ ਭੈਣ ਅਤੇ ਸੁਖਦੇਵ ਦੀ ਮਾਂ ਨੇ ਮੁਲਾਕਾਤ ਦੀ ਇਜਾਜ਼ਤ ਹੋਣ ਦੇ ਬਾਵਜੂਦ ਭਗਤ ਸਿੰਘ ਦੇ ਪਰਿਵਾਰ ਨਾਲ ਇਕਜੁੱਟਤਾ ਪ੍ਰਗਟਾਉਂਦਿਆਂ ਆਪਣੇ ਪੁੱਤਰਾਂ ਨਾਲ ਆਖ਼ਰੀ ਮੁਲਾਕਾਤ ਨਾ ਕੀਤੀ।

ਅੰਗਰੇਜ਼ਾਂ ਨੇ ਅਦਾਲਤ ਵੱਲੋਂ ਫਾਂਸੀ ਲਈ ਤੈਅ ਕੀਤੇ ਗਏ ਸਮੇਂ ਦੀ ਵੀ ਉਲੰਘਣਾ ਕੀਤੀ ਕਿਉਂਕਿ ਫਾਂਸੀ ਕਦੇ ਵੀ ਸ਼ਾਮ ਨੂੰ ਨਹੀਂ ਦਿੱਤੀ ਜਾਂਦੀ। ਇਸੇ ਆਡੀਓ ਇੰਟਰਵਿਊ 'ਚ ਪ੍ਰੋ. ਜਗਮੋਹਨ ਸਿੰਘ ਨੇ ਜਦੋਂ ਮਾਤਾ ਵਿਦਿਆਵਤੀ ਨੂੰ ਪੁੱਛਿਆ ਕਿ ਆਖ਼ਰੀ ਮੁਲਾਕਾਤ 'ਚ ਉਨ੍ਹਾਂ ਦੀ ਭਗਤ ਸਿੰਘ ਨਾਲ ਕੀ ਗੱਲ ਹੋਈ ਤਾਂ ਮਾਂ ਦਾ ਜਵਾਬ ਸੀ, ''ਆਖ਼ਰੀ ਮੁਲਾਕਾਤ ਤਾਂ ਹੋਈ ਹੀ ਨਹੀਂ।'' ਉਸ ਜਦੋਂ ਅੱਗੋਂ ਕਿਹਾ ਕਿ ਉਹ ਤਿੰਨ ਮਾਰਚ ਨੂੰ ਉਨ੍ਹਾਂ ਦੀ ਭਗਤ ਸਿੰਘ ਨਾਲ ਹੋਈ ਆਖ਼ਰੀ ਮੁਲਾਕਾਤ ਦੀ ਗੱਲ ਕਰ ਰਿਹਾ ਹੈ ਤਾਂ ਭਗਤ ਸਿੰਘ ਦੀ ਮਾਤਾ ਦਾ ਕਹਿਣਾ ਸੀ, ''ਭਗਤ ਸਿੰਘ ਨੇ ਮੈਨੂੰ ਕਿਹਾ, ਬੇਬੇ ਤੂੰ ਕਿਤੇ ਗਸ਼ ਖਾ ਕੇ ਨਾ ਪੈ ਜਾਈਂ। ਲਾਸ਼ ਨਾ ਲੈਣ ਆਈਂ। ਤੂੰ ਡਿੱਗ ਪਈ ਤਾਂ ਲੋਕਾਂ ਨੇ ਤੈਨੂੰ ਚੁੱਕਣੈ, ਮੈਨੂੰ ਕਿਸੇ ਨਹੀਂ ਪੁੱਛਣਾ। ਕੁਲਬੀਰ ਸਿੰਘ ਨੂੰ ਘੱਲ ਦਿਓ, ਉਹ ਮੇਰੀ ਲਾਸ਼ ਲੈ ਜਾਵੇ।'' ... ਪਰ ਅੰਗਰੇਜ਼ਾਂ ਨੇ ਤਾਂ ਤਿੰਨਾਂ ਸ਼ਹੀਦਾਂ ਦੀਆਂ ਮ੍ਰਿਤਕ ਦੇਹਾਂ ਵੀ ਉਨ੍ਹਾਂ ਦੇ ਪਰਿਵਾਰਾਂ ਨੂੰ ਸਤਿਕਾਰ ਨਾਲ ਨਹੀਂ ਸੀ ਸੌਂਪੀਆਂ।

ਭਗਤ ਸਿੰਘ ਬਾਰੇ ਆਪਣੀ ਕਿਤਾਬ 'ਚ ਪ੍ਰੋਫੈਸਰ ਮਲਵਿੰਦਰਜੀਤ ਸਿੰਘ ਵੜੈਚ ਲਿਖਦੇ ਹਨ ਕਿ ਲਾਹੌਰ ਦਾ ਆਜ਼ਾਦੀ ਘੁਲਾਟੀਆ ਪਿੰਡੀ ਦਾਸ ਸੌਂਧੀ, ਜੋ ਤਿੰਨਾਂ ਦੀ ਸਜ਼ਾ ਦਾ ਵਿਰੋਧ ਕਰਨ ਵਾਲੀ ਭਗਤ ਸਿੰਘ ਅਪੀਲ ਕਮੇਟੀ ਦਾ ਜਨਰਲ ਸਕੱਤਰ ਸੀ, ਦਾ ਘਰ ਲਾਹੌਰ ਸੈਂਟਰਲ ਜੇਲ੍ਹ ਦੇ ਬਿਲਕੁਲ ਨੇੜੇ ਸੀ। ਫਾਂਸੀ 'ਤੇ ਝੂਲਣ ਤੋਂ ਪਹਿਲਾਂ ਭਗਤ ਸਿੰਘ ਨੇ ਇੰਨੀ ਜ਼ੋਰ ਨਾਲ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਲਾਇਆ ਕਿ ਉਸ ਦੀ ਆਵਾਜ਼ ਸੌਂਧੀ ਦੇ ਘਰ ਤੱਕ ਸੁਣਾਈ ਦਿੱਤੀ। ਉਸ ਦੀ ਆਵਾਜ਼ ਸੁਣਦਿਆਂ ਹੀ ਜੇਲ੍ਹ ਦੇ ਹੋਰ ਕੈਦੀ ਵੀ ਨਾਅਰੇ ਲਾਉਣ ਲੱਗੇ।

ਇਨ੍ਹਾਂ ਇਨਕਲਾਬੀਆਂ ਨੂੰ ਫਾਂਸੀ ਦਿੱਤੇ ਜਾਣ ਮਗਰੋਂ ਅੰਗਰੇਜ਼ਾਂ ਨੂੰ ਡਰ ਸੀ ਕਿ ਜੇਕਰ ਇਨ੍ਹਾਂ ਦੀਆਂ ਲਾਸ਼ਾਂ ਬਾਹਰ ਜਾਣਗੀਆਂ ਤਾਂ ਲੋਕਾਂ ਦਾ ਰੋਹ ਫੁੱਟ ਪਵੇਗਾ। ਕੁਲਦੀਪ ਨਈਅਰ ਆਪਣੀ ਪੁਸਤਕ 'ਵਿਦਾਊਟ ਫੀਅਰ: ਲਾਈਫ ਐਂਡ ਟਰਾਇਲ ਔਫ ਭਗਤ ਸਿੰਘ' ਵਿੱਚ ਲਿਖਦੇ ਹਨ ਕਿ 'ਪਹਿਲਾਂ ਯੋਜਨਾ ਸੀ ਕਿ ਇਨ੍ਹਾਂ ਤਿੰਨਾਂ ਦਾ ਅੰਤਿਮ ਸੰਸਕਾਰ ਜੇਲ੍ਹ ਅੰਦਰ ਹੀ ਕੀਤਾ ਜਾਵੇਗਾ, ਪਰ ਫਿਰ ਇਹ ਖ਼ਿਆਲ ਛੱਡਣਾ ਪਿਆ ਕਿਉਂਕਿ ਜੇਲ੍ਹ ਅਧਿਕਾਰੀਆਂ ਨੂੰ ਅਹਿਸਾਸ ਹੋ ਗਿਆ ਸੀ ਕਿ ਜੇਲ੍ਹ ਤੋਂ ਧੂੰਆਂ ਉੱਠਦਿਆਂ ਦੇਖ ਬਾਹਰ ਖੜ੍ਹੀ ਭੀੜ ਜੇਲ੍ਹ 'ਤੇ ਹਮਲਾ ਕਰ ਸਕਦੀ ਹੈ। ਇਸ ਲਈ ਜੇਲ੍ਹ ਦੀ ਪਿਛਲੀ ਦੀਵਾਰ ਤੋੜ ਕੇ ਉਸੇ ਰਾਹ ਤੋਂ ਟਰੱਕ ਅੰਦਰ ਲਿਆਂਦਾ ਗਿਆ ਤੇ ਉਸ ਵਿੱਚ ਬਹੁਤ ਨਿਰਾਦਰੀ ਭਰੇ ਢੰਗ ਨਾਲ ਲਾਸ਼ਾਂ ਨੂੰ ਸਾਮਾਨ ਵਾਂਗ ਸੁੱਟ ਦਿੱਤਾ ਗਿਆ। ਪਹਿਲਾਂ ਤੈਅ ਹੋਇਆ ਸੀ ਕਿ ਉਨ੍ਹਾਂ ਦਾ ਸਸਕਾਰ ਰਾਵੀ ਕੰਢੇ ਕੀਤਾ ਜਾਵੇਗਾ ਪਰ ਫਿਰ ਉਨ੍ਹਾਂ ਦੀਆਂ ਮ੍ਰਿਤਕ ਦੇਹਾਂ ਫਿਰੋਜ਼ਪੁਰ 'ਚ ਸਤਲੁਜ ਕਿਨਾਰੇ ਲਿਆਂਦੀਆਂ ਗਈਆਂ। ਉਦੋਂ ਤੱਕ ਰਾਤ ਦੇ ਦਸ ਵੱਜ ਗਏ ਸਨ। ਹਾਲੇ ਮ੍ਰਿਤਕ ਦੇਹਾਂ ਨੂੰ ਅਗਨ ਭੇਟ ਕੀਤਾ ਹੀ ਗਿਆ ਸੀ ਕਿ ਲੋਕਾਂ ਨੂੰ ਇਸ ਬਾਰੇ ਪਤਾ ਲੱਗ ਗਿਆ। ਜਿਉਂ ਹੀ ਬਰਤਾਨਵੀ ਸੈਨਿਕਾਂ ਨੇ ਲੋਕਾਂ ਨੂੰ ਆਪਣੇ ਵੱਲ ਆਉਂਦੇ ਦੇਖਿਆ, ਉਹ ਲਾਸ਼ਾਂ ਨੂੰ ਉੱਥੇ ਹੀ ਛੱਡ ਕੇ ਆਪਣੇ ਵਾਹਨਾਂ ਵੱਲ ਭੱਜੇ। ਇਸ ਮਗਰੋਂ ਜੋ ਵਾਪਰਿਆ, ਉਸ ਦਾ ਸ਼ਬਦ ਸ਼ਬਦ ਸਾਡੇ ਸਭ ਦੇ ਮਨਾਂ 'ਚ ਉੱਕਰਿਆ ਹੋਇਆ ਹੈ। ਜਦੋਂ ਤੁਸੀਂ ਉਸ ਸਮੇਂ ਦਾ ਤਸੱਵਰ ਕਰਦੇ ਹੋ ਤਾਂ ਸ਼ਹੀਦਾਂ ਦੇ ਆਖ਼ਰੀ ਸਫ਼ਰ ਦੇ ਪਲ ਤੁਹਾਡੇ ਮਨ ਅੰਦਰ ਸਾਕਾਰ ਹੋਣ ਲੱਗਦੇ ਹਨ ਤੇ ਅੱਖਾਂ ਵਹਿ ਤੁਰਦੀਆਂ ਨੇ।

ਆਜ਼ਾਦੀ ਸਾਨੂੰ ਕੋਈ ਸੌਖਿਆਂ ਨਹੀਂ ਮਿਲੀ। ਬਹੁਤ ਸਾਰੀਆਂ ਮਾਵਾਂ ਦੇ ਪੁੱਤਾਂ ਨੇ ਮੌਤ ਲਾੜੀ ਨੂੰ ਪਰਣਾ ਕੇ ਇਹ ਆਜ਼ਾਦੀ ਸਾਡੀ ਝੋਲੀ ਪਾਈ ਹੈ। ਇਹ ਗੱਲ ਸਾਨੂੰ ਸਦਾ ਯਾਦ ਰੱਖਣ ਦੀ ਲੋੜ ਹੈ।

# ਇਕ ਮਾਂ ਹੈ, ਜਿਸ ਨੂੰ ਕਦੇ ਛੁੱਟੀ ਨਹੀਂ ਹੁੰਦੀ



ਮਾਂ ਨੂੰ ਕੋਈ ਛੁੱਟੀ ਨਹੀਂ ਹੁੰਦੀ। ਉਹ ਤਾਅ ਉਮਰ ਆਪਣੇ ਬੱਚਿਆਂ ਅਤੇ ਪਰਿਵਾਰ ਨੂੰ ਸਮਰਪਿਤ ਹੁੰਦੀ ਹੈ। ਸਵੇਰੇ ਸੂਰਜ ਦੇ ਜਾਗਣ ਤੋਂ ਪਹਿਲਾਂ ਉਹ ਜਾਗ ਜਾਂਦੀ ਹੈ। ਫਿਰ ਸ਼ੁਰੂ ਹੁੰਦਾ ਹੈ ਪੂਰੇ ਦਿਨ ਦਾ ਕਾਰਜ। ਸਾਰੇ ਪਰਿਵਾਰ ਦੇ ਕੰਮ ਕਰਦੀ ਹੈ, ਖਾਣਾ ਬਣਾਉਂਦੀ ਹੈ, ਕੱਪੜੇ ਧੋਂਦੀ ਹੈ, ਸਫ਼ਾਈ ਕਰਦੀ ਹੈ ਅਤੇ ਹੋਰ ਦਿਹਾੜੀ ਦੇ ਅਨੇਕਾਂ ਕੰਮਕਾਰ ਪਰ ਮਾਂ ਨੂੰ ਕਦੇ ਛੁੱਟੀ ਨਹੀਂ ਹੁੰਦੀ। ਜੋ ਔਰਤਾਂ ਨੌਕਰੀ ਪੇਸ਼ਾ ਹਨ, ਉਨ੍ਹਾਂ ਦੀ ਜੀਵਨ ਕਹਾਣੀ ਤਾਂ ਘਰੇਲੂ ਔਰਤ ਤੋਂ ਵੀ ਬਦਤਰ ਹੈ। ਨੌਕਰੀ ਕਰਨੀ, ਘਰ ਸੰਭਾਲਣਾ, ਸਮਾਜਿਕ ਜ਼ਿੰਮੇਵਾਰੀਆਂ। ਸਦੀਆਂ ਤੋਂ ਮਰਦ ਪ੍ਰਧਾਨ ਸਮਾਜ ਵਿਚ ਔਰਤ ਨੂੰ ਹਮੇਸ਼ਾਂ ਹੀ ਦੂਜੇ ਦਰਜੇ 'ਤੇ ਰੱਖਿਆ ਗਿਆ। ਇਤਿਹਾਸ ਗਵਾਹ ਹੈ, ਔਰਤ ਨੂੰ ਪੈਰ ਦੀ ਜੁੱਤੀ ਕਿਹਾ ਗਿਆ ਹੈ।

15ਵੀਂ ਸਦੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਹੁੰਦਾ ਹੈ। ਉਸ ਸਮੇਂ ਵੀ ਸਮਾਜ ਵਿਚ ਇਸਤਰੀ ਦੇ ਹਾਲਾਤ ਬਹੁਤ ਤਰਸਯੋਗ ਸਨ। ਉਨ੍ਹਾਂ ਪਹਿਲੀ ਵਾਰ ਇਸਤਰੀ ਜਾਤੀ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਅਤੇ ਆਪਣੀ ਬਾਣੀ ਵਿਚ ਇਸਤਰੀ ਨੂੰ 'ਸੋ ਕਿਉ ਮੰਦਾ ਆਖੀਐ, ਜਿਤ ਜੰਮੇ ਰਾਜਾਨ' ਕਹਿ ਕੇ ਵੱਡਾ ਮਾਣ ਦਿੱਤਾ।

ਰਿਗਵੇਦ ਦੀ ਗੱਲ ਕਰੀਏ ਤਾਂ ਉਸ ਵਿਚ ਤਿੰਨ ਮਹਾਨ ਔਰਤਾਂ ਵਿਸ਼ਵਾ, ਘੋਸ਼ਾ ਅਤੇ ਉਪਲਾ ਦਾ ਜ਼ਿਕਰ ਆਉਂਦਾ ਹੈ। ਇਹ ਤਿੰਨੋਂ ਔਰਤਾਂ ਸਿੱਖਿਆਦਾਇਕ ਅਤੇ ਆਪਣੇ ਅਧਿਕਾਰਾਂ ਪ੍ਰਤੀ ਸੁਚੇਤ ਹੋਣ ਦੇ ਨਾਲ਼-ਨਾਲ਼ ਸਮਾਜ ਵਿਚ ਬਾਕੀ ਔਰਤਾਂ ਨੂੰ ਵੀ ਚੇਤਨਾ ਪ੍ਰਤੀ ਜਾਗਰੂਕ ਕਰਦੀਆਂ ਸਨ। ਚਾਰੇ ਵਰਣਾਂ ਵਿਚ ਵੀ ਇਸਤਰੀ ਦੇ ਸੁਧਾਰ ਦੀ ਕੋਈ ਗੱਲ ਨਹੀਂ ਕੀਤੀ ਗਈ, ਔਰਤ ਨੂੰ ਦੁਰਕਾਰਿਆ ਹੀ ਹੈ। ਵਰਣਿਕ ਵੰਡ ਵਿਚ ਸ਼ੂਦਰ ਨਾਰੀ ਦੀ ਸਥਿਤੀ ਸਮਾਜ ਵਿਚ ਬੇਹੱਦ ਤਰਸਯੋਗ ਸੀ। ਇਸ ਤੋਂ ਵੀ ਪਿੱਛੇ ਝਾਤ ਮਾਰੀਏ ਤਾਂ ਆਰੀਅਨਾਂ ਦੇ ਆਉਣ ਤੋਂ ਬਾਅਦ ਅਤੇ ਮੁਗ਼ਲ ਵਿਦੇਸ਼ੀ ਹਮਲਾਵਰਾਂ ਦੇ ਭਾਰਤ ਵਿਚ ਆਉਣ ਤੋਂ ਬਾਅਦ ਭਾਰਤੀ ਨਾਰੀ ਦੀ ਸਥਿਤੀ ਬਦ ਤੋਂ ਬਦਤਰ ਹੁੰਦੀ ਗਈ। ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ, ਸੰਤਾਂ, ਸੂਫ਼ੀ, ਫ਼ਕੀਰਾਂ ਅਤੇ ਸਮੇਂ-ਸਮੇਂ 'ਤੇ ਪੈਦਾ ਹੋਈਆਂ ਸਮਾਜ ਸੁਧਾਰਕ ਲਹਿਰਾਂ ਨੇ ਬੇਸ਼ੱਕ ਔਰਤ ਦੇ ਮਾਨ ਸਨਮਾਨ ਦੀ ਗੱਲ ਤਾਂ ਕੀਤੀ ਪਰ ਮਰਦ ਪ੍ਰਧਾਨ ਸਮਾਜ ਵਿਚ ਉਹ ਰੁਤਬਾ ਹਾਸਲ ਨਾ ਕਰ ਸਕੀ ਜੋ ਉਸ ਨੂੰ ਮਰਦ ਦੇ ਬਰਾਬਰ ਦਾ ਸਥਾਨ ਪ੍ਰਾਪਤ ਹੁੰਦਾ। ਸਿੱਖਿਆ ਦੀ ਜਾਗਰਤੀ ਨੇ ਇਸਤਰੀ ਨੂੰ ਉਸ ਦੇ ਅਧਿਕਾਰਾਂ ਪ੍ਰਤੀ ਸੁਚੇਤ ਤਾਂ ਕੀਤਾ ਹੈ ਪਰ ਇਹ ਚੇਤਨਾ ਆਰਥਿਕ ਤੌਰ 'ਤੇ ਮਜ਼ਬੂਤ ਖ਼ਾਸ ਵਰਗ ਤੱਕ ਹੀ ਮਹਿਦੂਦ ਹੋ ਕੇ ਰਹਿ ਗਈ। ਅੰਤਰਰਾਸ਼ਟਰੀ ਮਹਿਲਾ ਦਿਵਸ ਜਾਂ ਕੌਮਾਂਤਰੀ ਨਾਰੀ ਦਿਵਸ , ਜਿਸ ਨੂੰ ਸ਼ੁਰੂ ਵਿੱਚ 'Internaitonal working women's Day' ਕਿਹਾ ਗਿਆ, ਹਰ ਸਾਲ 8 ਮਾਰਚ ਨੂੰ ਪੂਰੇ ਸੰਸਾਰ ਭਰ ਵਿੱਚ ਮਨਾਇਆ ਜਾਂਦਾ ਹੈ। ਇਹ ਦਿਵਸ ਇਕ ਅੰਦੋਲਨ ਦੇ ਰੂਪ ਵਿਚ ਸੀ। ਜਿਸ ਨੂੰ ਸੰਯੁਕਤ ਰਾਸ਼ਟਰ ਨੇ ਸਲਾਨਾ ਸਮਾਗਮ ਦੇ ਤੌਰ ਤੇ ਸਵੀਕਾਰ ਕੀਤਾ। ਇਸ ਸਮਾਗਮ ਦਾ ਬੀਜ 1908 ਈਸਵੀ ਵਿੱਚ ਹੀ ਬੀਜਿਆ ਗਿਆ ਸੀ, ਜਦੋਂ ਨਿਊਯਾਰਕ ਸ਼ਹਿਰ ਵਿਚ 15 ਹਜ਼ਾਰ ਮਹਿਲਾਵਾਂ ਨੇ ਕੰਮ ਦੇ ਘੰਟੇ ਘੱਟ ਕਰਨੇ, ਚੰਗਾ ਵੇਤਨ ਦੇਣਾ ਅਤੇ ਵੋਟ ਦਾ ਅਧਿਕਾਰ ਦੇਣ ਦੀ ਮੰਗ ਦੇ ਨਾਲ਼ ਵਿਰੋਧ ਪ੍ਰਦਰਸ਼ਨ ਕੀਤਾ। ਇਸ ਤੋਂ ਇਕ ਸਾਲ ਬਾਅਦ 1909 ਵਿਚ ਯੂਨਾਈਟਡ ਸਟੇਟਸ ਵਿਚ 28 ਫਰਵਰੀ ਨੂੰ ਨੈਸ਼ਨਲ ਵੀਮਨ 'ਜ਼ ਡੇਅ ਮਨਾਇਆ ਗਿਆ। ਇਸ ਦਿਨ ਨੂੰ ਅੰਤਰਰਾਸ਼ਟਰੀ ਬਣਾਉਣ ਦਾ ਵਿਚਾਰ 'ਕੁਲਾਰਾ ਜੈਟਕਿਨ"(ਜਰਮਨ ਇੱਕ ਸਮਾਜ ਸੇਵਕਾ) ਦੇ ਦਿਮਾਗ਼ ਵਿਚ ਆਇਆ। ਉਨ੍ਹਾਂ ਨੇ ਆਪਣਾ ਇਹ ਵਿਚਾਰ 1910 ਈਸਵੀ ਵਿਚ ਕਾਪਨਹੇਗਨ ਵਿਚ ਆਯੋਜਿਤ ਇੰਟਰਨੈਸ਼ਨਲ ਕਾਨਫਰੰਸ ਆਫ ਵਰਕਿੰਗ ਵੀਮਨ ਵਿਚ ਮਹਿਲਾਵਾਂ ਲਈ ਇਕ ਵਿਸ਼ੇਸ਼ ਦਿਨ ਮਨਾਉਣ ਦਾ ਸੁਝਾਅ ਦਿੱਤਾ। ਇਸ ਤੋਂ ਬਾਅਦ ਹੀ 1911 ਵਿਚ ਪਹਿਲੀ ਵਾਰ 19 ਮਾਰਚ ਨੂੰ ਆਸਟਰੇਲੀਆ, ਜਰਮਨੀ, ਸਵਿਟਜ਼ਰਲੈਂਡ ਅਤੇ ਡੈਨਮਾਰਕ ਵਿਚ ਮਹਿਲਾ ਦਿਵਸ ਮਨਾਇਆ ਗਿਆ। ਫਿਰ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਗਿਆ। 08 ਮਾਰਚ ਦੀ ਤਾਰੀਖ਼ ਇਸ ਕਰਕੇ ਤੈਅ ਹੋਈ ਕਿ 1917 ਵਿਚ ਰੂਸ ਵਿਚ ਕ੍ਰਾਂਤੀ ਆਈ ਉਥੋਂ ਦੀਆਂ ਔਰਤਾਂ ਨੇ 'ਰੋਟੀ ਅਤੇ ਅਮਨ' ਲਈ ਹੜਤਾਲ ਕਰ ਦਿੱਤੀ। ਰੂਸੀ ਕ੍ਰਾਂਤੀ ਵਿਚ ਔਰਤਾਂ ਨੂੰ ਮਤਾ ਪ੍ਰਾਪਤ ਹੋਣ ਤੋਂ ਬਾਅਦ ਆਈ. ਡਬਲਿਊ. ਡੀ. ਨੂੰ ਰਾਸ਼ਟਰੀ ਛੁੱਟੀ ਬਣਾ ਦਿੱਤਾ ਗਿਆ ਸੀ। ਇਸ ਇਤਿਹਾਸਿਕ ਘਟਨਾ ਦੀ ਯਾਦ ਵਿਚ ਅੱਠ ਮਾਰਚ ਨੂੰ ਮਹਿਲਾ ਦਿਵਸ ਮਨਾਇਆ ਜਾਣ ਲੱਗਿਆ। 1960 ਦੇ ਦਹਾਕੇ ਦੇ ਅਖ਼ੀਰ ਵਿੱਚ ਵਿਸ਼ਵ ਨਾਰੀਵਾਦੀ ਲਹਿਰ ਖੱਬੇ ਪੱਖੀ ਅੰਦੋਲਨ ਨਾਲ ਜੁੜੀ ਹੋਈ ਸੀ। 'ਗਲੋਰੀਆ ਸਟੀਨੇਮ' ਵਿਸ਼ਵ ਪ੍ਰਸਿੱਧ ਨਾਰੀਵਾਦੀ ਪੱਤਰਕਾਰ ਨੇ ਇਕ ਵਾਰ ਕਿਹਾ ਸੀ ਕਿ ਸਮਾਨਤਾ ਲਈ ਔਰਤਾਂ ਦੇ ਸੰਘਰਸ਼ ਦੀ ਕਹਾਣੀ ਕਿਸੇ ਇਕ ਨਾਰੀਵਾਦੀ, ਨਾ ਹੀ ਕਿਸੇ ਸੰਗਠਨ ਨਾਲ ਸੰਬੰਧਿਤ ਹੈ ਪਰ ਮਨੁੱਖੀ ਅਧਿਕਾਰਾਂ ਦੀ ਪਰਵਾਹ ਕਰਨ ਵਾਲੇ ਸਾਰਿਆਂ ਦੇ ਸਮੂਹਿਕ ਯਤਨਾਂ ਨਾਲ ਸਬੰਧਿਤ ਹੈ। 1975 ਵਿਚ ਸੰਯੁਕਤ ਰਾਸ਼ਟਰ ਨੇ ਇਸ ਦਿਨ ਨੂੰ ਅਧਿਕਾਰਕ 'ਤੌਰ ਤੇ ਮਨਾਉਣਾ ਸ਼ੁਰੂ ਕੀਤਾ। ਇਸ ਦਾ ਮਕਸਦ ਔਰਤਾਂ ਦੀ ਸਥਿਤੀ, ਉਨ੍ਹਾਂ ਦੀਆਂ ਸੱਭਿਆਚਾਰਕ, ਰਾਜਨੀਤਕ , ਸਮਾਜਿਕ ਅਤੇ ਆਰਥਿਕ ਪ੍ਰਾਪਤੀਆਂ ਨੂੰ ਮੱਦੇਨਜ਼ਰ ਰੱਖਦੇ ਹੋਏ ਮਨਾਇਆ ਜਾਂਦਾ ਹੈ।

ਮੌਜੂਦਾ ਸਮੇਂ ਵਿੱਚ ਵੇਖਿਆ ਜਾਵੇ ਭਾਵੇਂ ਮਹਿਲਾਵਾਂ ਨੇ ਆਰਥਿਕ ਅਤੇ ਸਮਾਜਿਕ ਖੇਤਰ ਵਿਚ ਵਧੀਆ ਪ੍ਰਗਤੀ ਕੀਤੀ ਹੈ ਪਰ ਅਜੇ ਵੀ ਉਨ੍ਹਾਂ ਲਈ ਬਰਾਬਰ ਦੇ ਮੌਕੇ, ਸੁਰੱਖਿਆ ਅਤੇ ਰੋਜ਼ਗਾਰ ਵਿਚ ਚੁਣੌਤੀਆਂ ਮੌਜੂਦ ਹਨ। ਇਹ ਗੱਲ ਬੜੇ ਦਾਵੇ ਨਾਲ ਕਹੀ ਜਾ ਸਕਦੀ ਹੈ ਕਿ 30% ਭਾਰਤੀ ਨਾਰੀ ਹੀ ਆਪਣੇ ਅਧਿਕਾਰਾਂ ਪ੍ਰਤੀ ਚੇਤਨ ਹੈ, ਬਾਕੀ ਵੱਡਾ ਹਿੱਸਾ ਭਾਰਤੀ ਨਾਰੀ ਦਾ ਅੱਜ ਵੀ ਗ਼ੁਲਾਮੀ ਦੀਆਂ ਜੰਜ਼ੀਰਾਂ ਵਿਚ ਜਕੜਿਆ ਹੋਇਆ ਹੈ। ਜਿਸ ਵਿੱਚੋਂ ਮਨੀਪੁਰ, ਹਾਥਰਸ ਅਤੇ ਦੇਸ਼ ਦੀਆਂ ਹੋਰ ਬਹੁਤ ਸਾਰੀਆਂ ਘਟਨਾਵਾਂ ਜਨਮ ਲੈਂਦੀਆਂ ਹਨ। ਜਿਸ ਕਰਕੇ ਉਹ ਆਸਮਾਨਤਾ, ਬੇਰੁਜ਼ਗਾਰੀ , ਭੁੱਖਮਰੀ ਅਤੇ ਅਣਮਨੁੱਖੀ ਵਿਵਹਾਰ ਦੀ ਪੀੜਾ ਸਹਿ ਰਹੀ ਹੈ। ਪਿਛਲੇ ਸਾਲਾਂ ਦੌਰਾਨ ਲਿੰਗ ਆਸਮਾਨਤਾ ਇਸੇ ਗੱਲ ਦੀ ਗਵਾਹੀ ਭਰਦੀ ਹੈ ਜਿਸ ਵਿਚ ਹਜ਼ਾਰ ਮਰਦਾਂ ਪਿੱਛੇ ਸਿਰਫ਼ 835 ਔਰਤਾਂ ਹੀ ਰਹਿ ਗਈਆਂ ਸਨ। ਜਿਸ ਦਾ ਖ਼ਮਿਆਜ਼ਾ ਸਮਕਾਲ ਭੁਗਤ ਰਿਹਾ ਹੈ। ਲੜਕੀਆਂ ਨੂੰ ਕੁੱਖ ਵਿਚ ਹੀ ਮਾਰ ਦੇਣਾ ਸਾਡੇ ਸਮਾਜ ਦੀ ਅਗਾਂਹ ਵਧੂ ਸੋਚ ਦਾ ਹਿੱਸਾ ਬਣ ਗਿਆ ਸੀ। ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਨਾਰੀ ਸਾਰੀ ਉਮਰ ਬਹੁਤ ਹੀ ਨਾਜ਼ੁਕ ਹਾਲਾਤ ਦਾ ਸਾਹਮਣਾ ਕਰਦੀ ਹੈ। ਆਓ ਅੰਤਰਰਾਸ਼ਟਰੀ ਨਾਰੀ ਦਿਵਸ ਤੇ ਇਹ ਪ੍ਰਣ ਕਰੀਏ ਕਿ ਇਸਤਰੀ ਦੀ ਤਰੱਕੀ ਲਈ ਹਰ ਸੰਭਵ ਯਤਨ ਕਰਾਂਗੇ। ਉਸ ਨੂੰ ਜੀਵਨ ਦੇ ਹਰ ਖੇਤਰ ਵਿਚ ਅੱਗੇ ਵਿਗਸਣ ਦੇ ਮੌਕੇ ਦੇਵਾਂਗੇ। ਕਿੰਨਾ ਸੋਹਣਾ ਲਿਖਿਆ ਹੈ ਕਿਸੇ ਨੇ : ਸੁਰਾਂ ਦਾ ਇਲਮ ਹੈ ਮੈਨੂੰ, ਸੁਰੀਲੀ ਬਾਂਸੁਰੀ ਹਾਂ ਮੈਂ। ਤੇਰੀ ਦੁਰਕਾਰ ਦੇ ਸਦਕਾ, ਹੋਈ ਪਰ ਬੇਸੁਰੀ ਹਾਂ ਮੈਂ।

-ਅੰਮ੍ਰਿਤਪਾਲ ਕਲੇਰ


A CREATIVE DESIGN & PRINT SOURCE

ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ
ਵਿਆਹ-ਸ਼ਾਦੀਆਂ ਦੇ ਕਾਰਡ

GRAPHIC DESIGNING
PRODUCT PHOTOGRAPHY
OFFSET / DIGITAL PRINTING
SIGNAGES DISPLAYS

DESIGN 360
GRAPHICS & PROMOTIONS INC.
.... create a new

CONTACT: AMANDEEP SINGH
604 590 0066 / 604 317 8750
#1 13415 76 AVE. SURREY

# ਫਿਲਮਾਂ ’ਚ ਭਗਤ ਸਿੰਘ ਦਾ ਚਿਤਰਨ



ਭਾਰਤੀ ਆਜ਼ਾਦੀ ਦੀ ਲੜਾਈ ਦੇ ਇਤਿਹਾਸ ਵਿਚ ਭਗਤ ਸਿੰਘ ਦਾ ਨਾਂ ਇਕ ਪ੍ਰਤੀਕ ਵਜੋਂ ਉੱਭਰਦਾ ਹੈ। ਇਕ ਅਜਿਹਾ ਪ੍ਰਤੀਕ ਜਿਹੜਾ ਕੁਰਬਾਨੀ, ਬੁੱਧੀਜੀਵੀ ਸੋਚ ਤੇ ਕ੍ਰਾਂਤੀਕਾਰੀ ਜਜ਼ਬੇ ਨੂੰ ਇਕੱਠਾ ਕਰਦਾ ਹੈ। ਉਹ ਸਿਰਫ਼ ਇਕ ਸ਼ਹੀਦ ਹੀ ਨਹੀਂ ਸਨ, ਸਗੋਂ ਵੱਡੇ ਚਿੰਤਕ, ਲੇਖਕ ਅਤੇ ਸਮਾਜਿਕ ਵਿਸ਼ਲੇਸ਼ਕ ਵੀ ਸਨ ਪਰ ਜਦੋਂ ਅਸੀਂ ਭਗਤ ਸਿੰਘ ਦੇ ਜੀਵਨ ਤੇ ਫਲਸਫੇ ਨੂੰ ਭਾਰਤੀ ਸਿਨੇਮਾ ਵਿਚ ਵੇਖਦੇ ਹਾਂ, ਤਾਂ ਅਕਸਰ ਇਹ ਸਵਾਲ ਉੱਠਦਾ ਹੈ ਕਿ ਕੀ ਫਿਲਮਾਂ ਨੇ ਉਨ੍ਹਾਂ ਦੇ ਅਸਲ ਵਿਚਾਰਾਂ ਤੇ ਦਰਸ਼ਨ ਨੂੰ ਸਹੀ ਢੰਗ ਨਾਲ ਪੇਸ਼ ਕੀਤਾ ਹੈ ਜਾਂ ਉਨ੍ਹਾਂ ਨੂੰ ਸਿਰਫ਼ ਇਕ ਰੋਮਾਂਚਕ ਕ੍ਰਾਂਤੀਕਾਰੀ ਵਜੋਂ ਹੀ ਦਰਸਾਇਆ ਹੈ। ਭਗਤ ਸਿੰਘ ਸਿਰਫ਼ ਹਥਿਆਰਬੰਦ ਸੰਘਰਸ਼ ਵਿਚ ਹੀ ਨਹੀਂ ਸਗੋਂ ਵਿਚਾਰਧਾਰਕ ਪੱਧਰ ’ਤੇ ਕ੍ਰਾਂਤੀ ਦੇ ਹਾਮੀ ਸਨ। ਉਹ ਸਮਾਜਵਾਦੀ ਪ੍ਰਣਾਲੀ ਦੀ ਸਥਾਪਨਾ ਚਾਹੁੰਦੇ ਸਨ। ਉਨ੍ਹਾਂ ਦੀਆਂ ਲਿਖਤਾਂ ਉਨ੍ਹਾਂ ਦੀਆਂ ਤਰਕਸ਼ੀਲਤਾ ਤੇ ਵਿਗਿਆਨਕ ਸੋਚ ਨੂੰ ਦਰਸਾਉਂਦੀਆਂ ਹਨ। ਉਹ ਮੰਨਦੇ ਸਨ ਕਿ ਕ੍ਰਾਂਤੀ ਦਾ ਮਤਲਬ ਸਿਰਫ਼ ਹਥਿਆਰ ਚੁੱਕਣਾ ਨਹੀਂ ਸਗੋਂ ਸਮਾਜਿਕ ਤੇ ਆਰਥਿਕ ਬਦਲਾਅ ਲਿਆਉਣਾ ਵੀ ਹੈ। ਇਸ ਲਈ ਉਨ੍ਹਾਂ ਦਾ ਫਲਸਫਾ ਬਹੁਪੱਖੀ ਸੀ, ਰਾਸ਼ਟਰਵਾਦ, ਸਮਾਜਵਾਦ ਅਤੇ ਮਨੁੱਖਤਾ ਦਾ ਮਿਲਾਪ। ਉਨ੍ਹਾਂ ਦੇ ਜੀਵਨ ’ਤੇ 10 ਦੇ ਲਗਪਗ ਪ੍ਰਮੁੱਖ ਫੀਚਰ ਫਿਲਮਾਂ ਬਣ ਚੁੱਕੀਆਂ ਹਨ, ਜਦਕਿ ਛੋਟੇ ਪੱਧਰ ਜਾਂ ਖੇਤਰੀ ਪ੍ਰੋਡਕਸ਼ਨ ਮਿਲਾ ਕੇ ਇਹ ਗਿਣਤੀ 15 ਵੀ ਹੋ ਸਕਦੀ ਹੈ। ਇਸੇ ਤਰ੍ਹਾਂ ਦਸਤਾਵੇਜ਼ੀ ਫਿਲਮਾਂ ਦੀ ਗਿਣਤੀ ਇਸ ਤੋਂ ਵੱਧ ਹੈ ਕਿਉਂਕਿ ਸਰਕਾਰੀ ਸੰਸਥਾਵਾਂ ਜਿਵੇਂ ਫਿਲਮ ਡਵੀਜ਼ਨ ਆਫ ਇੰਡੀਆ ਨੇ ਕਈ ਡਾਕੂਮੈਂਟਰੀਆਂ ਵੀ ਬਣਾਈਆਂ। ਦੂਰਦਰਸ਼ਨ, ਹਿਸਟਰੀ ਟੀਵੀ, ਡਿਸਕਵਰੀ ਆਦਿ ਟੀਵੀ ਚੈਨਲਾਂ ਨੇ ਖ਼ਾਸ ਪ੍ਰੋਗਰਾਮ ਬਣਾਏ। ਯੂਨੀਵਰਸਿਟੀਆਂ ਤੇ ਆਜ਼ਾਦ ਫਿਲਮਮੇਕਰਾਂ ਨੇ ਵੀ ਕਾਫ਼ੀ ਕੰਮ ਕੀਤਾ। ਲਗਪਗ 20 ਤੋਂ 40 ਦੇ ਵਿਚਕਾਰ ਡਾਕੂਮੈਂਟਰੀਆਂ ਤੇ ਟੀਵੀ ਪ੍ਰੋਗਰਾਮ ਬਣੇ ਹਨ। ਭਗਤ ਸਿੰਘ ਦੀ ਕਹਾਣੀ ਸਿਰਫ਼ ਫਿਲਮਾਂ ਤੱਕ ਸੀਮਿਤ ਨਹੀਂ ਹੈ, ਟੀਵੀ ਰੀਲਜ਼, ਰੇਡੀਓ ਡਾਕੂਮੈਂਟਰੀਆਂ, ਨਾਟਕ ਅਤੇ ਵੈੱਬ ਸੀਰੀਜ਼ ਵੀ ਵੱਡੀ ਗਿਣਤੀ ਵਿਚ ਬਣੀਆਂ ਹਨ।

ਉਨ੍ਹਾਂ ਦੇ ਜੀਵਨ ’ਤੇ ਕਈ ਫਿਲਮਾਂ ਬਣੀਆਂ ਹਨ, ਜਿਵੇਂ ਕਿ ਮਨੋਜ ਕੁਮਾਰ ਵਾਲੀ ਸ਼ਹੀਦ, ਦਿ ਲੀਜੈਂਡ ਆਫ ਭਗਤ ਸਿੰਘ, 23 ਮਾਰਚ 1931: ਸ਼ਹੀਦ ਅਤੇ ਸ਼ਹੀਦ-ਏ-ਆਜ਼ਮ। ਸ਼ਹੀਦ ਊਧਮ ਸਿੰਘ ਅਤੇ ਰੰਗ ਦੇ ਬਸੰਤੀ ਵੀ ਅਸਿੱਧੇ ਤੌਰ ’ਤੇ ਭਗਤ ਸਿੰਘ ਦੀ ਵਿਰਾਸਤ ਨੂੰ ਨਵੀਂ ਪੀੜ੍ਹੀ ਨਾਲ ਜੋੜਦੀ ਹੈ। ਫਿਲਮਾਂ ਵਿਚ ਭਗਤ ਸਿੰਘ ਨੂੰ ਅਕਸਰ ਇਕ ਜਜ਼ਬਾਤੀ ਅਤੇ ਬਹਾਦਰ ਨੌਜਵਾਨ ਵਜੋਂ ਦਰਸਾਇਆ ਜਾਂਦਾ ਹੈ, ਜੋ ਬੰਬ ਸੁੱਟਦਾ ਹੈ ਤੇ ਅੰਗਰੇਜ਼ੀ ਹਕੂਮਤ ਨੂੰ ਚੁਣੌਤੀ ਦਿੰਦਾ ਹੈ। ਇਹ ਦਰਸ਼ਨ ਦਰਸ਼ਕਾਂ ਨੂੰ ਪ੍ਰਭਾਵਿਤ ਕਰਦਾ ਹੈ ਪਰ ਇਸ ਨਾਲ ਉਨ੍ਹਾਂ ਦੀ ਵਿਚਾਰਧਾਰਾ ਪਿੱਛੇ ਰਹਿ ਜਾਂਦੀ ਹੈ।

ਪ੍ਰਗਤੀਵਾਦੀ ਸਿਨੇਮੇ ਦੇ ਪ੍ਰਚਾਰਕ ਕੁਲਵਿੰਦਰ ਕਹਿੰਦੇ ਹਨ ਕਿ ਲੀਜੈਂਡ ਆਫ ਭਗਤ ਸਿੰਘ ’ਚ ਕੁਝ ਹੱਦ ਤੱਕ ਉਨ੍ਹਾਂ ਦੇ ਬੁੱਧੀਜੀਵੀ ਪੱਖ ਨੂੰ ਦਰਸਾਇਆ ਹੈ ਪਰ ਹੋਰ ਫਿਲਮਾਂ ਵਿਚ ਇਹ ਪੱਖ ਨਾ ਦੇ ਬਰਾਬਰ ਹੈ। ਇਸ ਨਾਲ ਇਕ ਅਧੂਰਾ ਚਿੱਤਰ ਬਣਦਾ ਹੈ। ਭਗਤ ਸਿੰਘ ਦੇ ਲੇਖਾਂ ਤੇ ਉਨ੍ਹਾਂ ਦੀ ਸੋਚ ਨੂੰ ਫਿਲਮਾਂ ਵਿਚ ਪੂਰੀ ਤਰ੍ਹਾਂ ਜਗ੍ਹਾ ਨਹੀਂ ਮਿਲਦੀ। ਉਨ੍ਹਾਂ ਦਾ ਵਰਗ ਸੰਘਰਸ਼ ਅਤੇ ਸਮਾਜਿਕ ਨਿਆਂ ਬਾਰੇ ਵਿਚਾਰ ਅਕਸਰ ਹਲਕੇ ਤੌਰ ’ਤੇ ਹੀ ਛੂਹੇ ਜਾਂਦੇ ਹਨ। ਅਸਲ ਵਿਚ ਫਿਲਮਾਂ ਵਪਾਰਕ ਮੀਡੀਆ ਹਨ, ਇਸ ਲਈ ਉਹ ਅਕਸਰ ਦਰਸ਼ਕਾਂ ਨੂੰ ਖਿੱਚਣ ਲਈ ਜਜ਼ਬਾਤੀ ਤੱਤਾਂ ’ਤੇ ਜ਼ੋਰ ਦਿੰਦੀਆਂ ਹਨ। ਇਸ ਕਾਰਨ, ਭਗਤ ਸਿੰਘ ਦੇ ਵਿਚਾਰਾਂ ਦੀ ਡੂੰਘਾਈ ਪਿੱਛੇ ਰਹਿ ਜਾਂਦੀ ਹੈ। ਫਿਲਮਾਂ ’ਚ ਕਈ ਵਾਰ ਇਤਿਹਾਸਕ ਘਟਨਾਵਾਂ ਨੂੰ ਨਾਟਕੀ ਬਣਾਉਣ ਲਈ ਤਬਦੀਲ ਕੀਤਾ ਜਾਂਦਾ ਹੈ। ਇਹ ਸਿਨੇਮਾਈ ਲੋੜ ਹੋ ਸਕਦੀ ਹੈ ਪਰ ਇਸ ਨਾਲ ਦਰਸ਼ਕਾਂ ਨੂੰ ਗ਼ਲਤ ਸਮਝ ਵੀ ਮਿਲ ਸਕਦੀ ਹੈ।

ਅਸੈਂਬਲੀ ਬੰਬ ਕਾਂਡ ਨੂੰ ਅਕਸਰ ਬਹੁਤ ਹੀ ਨਾਟਕੀ ਢੰਗ ਨਾਲ ਦਰਸਾਇਆ ਜਾਂਦਾ ਹੈ ਜਦੋਂਕਿ ਭਗਤ ਸਿੰਘ ਦਾ ਮਕਸਦ ਕਿਸੇ ਨੂੰ ਨੁਕਸਾਨ ਪਹੁੰਚਾਉਣਾ ਨਹੀਂ ਸੀ ਸਗੋਂ ਆਪਣੀ ਆਵਾਜ਼ ਬੁਲੰਦ ਕਰਨਾ ਸੀ।

ਪ੍ਰੋਫੈਸਰ ਜਗਮੋਹਣ ਸਿੰਘ ਕਹਿੰਦੇ ਹਨ ਕਿ ਭਗਤ ਸਿੰਘ ਦਾ ਜੀਵਨ ਅਤੇ ਫਲਸਫਾ ਬਹੁਤ ਹੀ ਵਿਸ਼ਾਲ ਅਤੇ ਡੂੰਘਾ ਹੈ, ਜਿਸ ਨੂੰ ਸਿਰਫ਼ ਫਿਲਮਾਂ ਰਾਹੀਂ ਸਹੀ ਢੰਗ ਨਾਲ ਪੇਸ਼ ਨਹੀਂ ਕੀਤਾ ਜਾਂਦਾ ਰਿਹਾ। ਉਨ੍ਹਾਂ ਦੇ ਅਸਲ ਵਿਚਾਰਾਂ ਨੂੰ ਸਮਝਣ ਲਈ ਉਨ੍ਹਾਂ ਦੇ ਲੇਖਾਂ ਅਤੇ ਇਤਿਹਾਸਕ ਦਸਤਾਵੇਜ਼ਾਂ ਦਾ ਅਧਿਐਨ ਜ਼ਰੂਰੀ ਹੈ। ਇਤਿਹਾਸਕ ਸੱਚਾਈ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ।



# ਗ਼ਜ਼ਲ ਮੰਚ ਸਰੀ ਵੱਲੋਂ ਸੀਹਰਾ ਅਤੇ ਚਾਹਲ ਦੀਆਂ ਪੁਸਤਕਾਂ ਲੋਕ ਅਰਪਿਤ

ਸਰੀ, (ਹਰਦਮ ਮਾਨ) - ਗ਼ਜ਼ਲ ਮੰਚ ਸਰੀ ਵੱਲੋਂ ਬੀਤੇ ਦਿਨੀਂ ਗਿਲਫੋਰਡ ਲਾਇਬਰੇਰੀ ਸਰੀ ਵਿਖੇ ਇੱਕ ਵਿਸ਼ੇਸ਼ ਸਾਹਿਤਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਪ੍ਰਸਿੱਧ ਸ਼ਾਇਰ ਬਲਦੇਵ ਸੀਹਰਾ ਦਾ ਗ਼ਜ਼ਲ ਸੰਗ੍ਰਹਿ 'ਗੁਜਾਰਿਸ਼' ਅਤੇ ਜਸਬੀਰ ਚਾਹਲ (ਕੈਲਗਰੀ) ਦਾ ਗ਼ਜ਼ਲ ਸੰਗ੍ਰਹਿ 'ਤਨਹਾਈਓਂ ਕੇ ਘੇਰੇ' ਲੋਕ ਅਰਪਿਤ ਕੀਤੇ ਗਏ। ਸਮਾਗਮ ਦੀ ਪ੍ਰਧਾਨਗੀ ਗ਼ਜ਼ਲ ਮੰਚ ਦੇ ਪ੍ਰਧਾਨ ਜਸਵਿੰਦਰ, ਸ਼ਾਇਰ ਬਲਦੇਵ ਸੀਹਰਾ, ਸ਼ਾਇਰ ਜਸਬੀਰ ਚਾਹਲ, ਦਵਿੰਦਰ ਗੌਤਮ ਅਤੇ ਪਾਕਿਸਤਾਨ ਤੋਂ ਆਏ ਡਾ. ਖੋਲਾ ਚੀਮਾ ਨੇ ਸਾਂਝੇ ਤੌਰ 'ਤੇ ਸ਼ਿਰਕਤ ਕੀਤੀ।



ਸਮਾਗਮ ਦੀ ਸ਼ੁਰੂਆਤ ਅਭਿਸ਼ੇਕ ਵੱਲੋਂ ਆਪਣੀ ਸੁਹਜਮਈ ਆਵਾਜ਼ ਵਿੱਚ ਦੋਨਾਂ ਸ਼ਾਇਰਾਂ ਦੀਆਂ ਚੋਣਵੀਆਂ ਗ਼ਜ਼ਲਾਂ ਦੀ ਪੇਸ਼ਕਾਰੀ ਨਾਲ ਹੋਈ। ਉਪਰੰਤ ਪ੍ਰਸਿੱਧ ਸ਼ਾਇਰ ਇੰਦਰਜੀਤ ਧਾਮੀ ਵੱਲੋਂ ਬਲਦੇਵ ਸੀਹਰਾ ਦੇ ਗ਼ਜ਼ਲ ਸੰਗ੍ਰਹਿ 'ਗੁਜਾਰਿਸ਼' ਉੱਪਰ ਆਪਣਾ ਖੋਜ ਭਰਪੂਰ ਪਰਚਾ ਪੜ੍ਹਿਆ ਗਿਆ। ਉਨ੍ਹਾਂ ਕਿਹਾ ਕਿ ਸੀਹਰਾ ਦੀ ਸ਼ਾਇਰੀ ਵਿੱਚ ਇਸ਼ਕ ਅਤੇ ਮੁਹੱਬਤ ਜਿਸਮਾਨੀ ਹੱਦਾਂ ਤੋਂ ਪਾਰ ਹੋ ਕੇ ਇੱਕ ਅਧਿਆਤਮਕ ਅਨੁਭਵ ਬਣ ਜਾਂਦੇ ਹਨ। ਅੱਜ ਦੇ ਮਸ਼ੀਨੀ ਯੁੱਗ ਵਿੱਚ ਉਨ੍ਹਾਂ ਦੀ ਸ਼ਾਇਰੀ ਬਾਰਿਸ਼ ਤੋਂ ਬਾਅਦ ਮਿੱਟੀ ਦੀ ਖ਼ੁਸ਼ਬੂ ਵਰਗੀ ਤਾਜ਼ਗੀ ਪ੍ਰਦਾਨ ਕਰਦੀ ਹੈ। ਦੂਜੇ ਪਰਚੇ ਰਾਹੀਂ ਦਸ਼ਮੇਸ਼ ਗਿੱਲ ਫਿਰੋਜ਼ ਨੇ ਜਸਬੀਰ ਚਾਹਲ ਤਨਹਾ ਦੀ ਪੁਸਤਕ 'ਤਨਹਾਈਓਂ ਕੇ ਘੇਰੇ' ਉੱਪਰ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਤਨਹਾ ਸਾਹਿਬ ਵਰਗੇ ਸ਼ਾਇਰ ਖ਼ਿਆਲਾਂ ਦੀ ਗਹਿਰਾਈ ਵਿੱਚ ਜਾ ਕੇ ਮੋਤੀ ਲੱਭਣ ਨੂੰ ਤਰਜੀਹ ਦਿੰਦੇ ਹਨ ਅਤੇ ਉਨ੍ਹਾਂ ਦੀ ਸ਼ਾਇਰੀ ਪਾਠਕ ਦੇ ਦਿਲ ਦੀ ਧੜਕਣ ਨੂੰ ਆਪਣੇ ਅਹਿਸਾਸਾਂ ਨਾਲ ਜੋੜਨ ਦੀ ਸਮਰੱਥਾ ਰੱਖਦੀ ਹੈ।

ਪੁਸਤਕਾਂ ਦੇ ਰਚਨਹਾਰੇ ਬਲਦੇਵ ਸੀਹਰਾ ਅਤੇ ਜਸਬੀਰ ਚਾਹਲ ਨੇ ਆਪਣੀ ਰਚਨ ਪ੍ਰਕਿਰਿਆ ਬਾਰੇ ਵਿਸਥਾਰ ਵਿੱਚ ਵਿਚਾਰ ਸਾਂਝੇ ਕੀਤੇ ਅਤੇ ਆਪਣੀਆਂ ਚੋਣਵੀਆਂ ਗ਼ਜ਼ਲਾਂ ਪੇਸ਼ ਕੀਤੀਆਂ। ਇਸ ਮੌਕੇ ਰਾਜਵੰਤ ਰਾਜ, ਸੁਖਜੀਤ ਕੌਰ ਹੁੰਦਲ, ਹਰਦਮ ਮਾਨ, ਗੁਰਮੀਤ ਸਿੱਧੂ, ਰੂਬੀ ਔਲਖ, ਨਰਿੰਦਰ ਬਾਹੀਆ, ਮਨਜੀਤ ਕੌਰ ਕੰਗ, ਜਰਨੈਲ ਸਿੰਘ ਸੇਖਾ, ਕਰਨਜੀਤ, ਨਰਿੰਦਰ ਭਾਗੀ, ਮਹਿੰਦਰਪਾਲ ਸਿੰਘ ਪਾਲ, ਸ਼ਿਵਚਰਨ ਸਿੰਘ ਅਤੇ ਬਲਦੇਵ ਸੁੱਖੀ ਰੋਡੇ ਨੇ ਦੋਵਾਂ ਸ਼ਾਇਰਾਂ ਨੂੰ ਇਹਨਾਂ ਖ਼ੂਬਸੂਰਤ ਕਾਵਿਕ ਰਚਨਾਵਾਂ ਲਈ ਮੁਬਾਰਕਬਾਦ ਦਿੱਤੀ।

ਪਾਕਿਸਤਾਨ ਤੋਂ ਆਏ ਵਿਸ਼ੇਸ਼ ਮਹਿਮਾਨ ਡਾ. ਖੋਲਾ ਚੀਮਾ ਨੇ ਇਸ ਮੌਕੇ ਇਤਿਹਾਸ ਦੇ ਗੌਰਵਮਈ ਪੰਨੇ ਫਰੋਲਦਿਆਂ ਮਹਾਰਾਜਾ ਰਣਜੀਤ ਸਿੰਘ ਦੇ ਧਰਮ-ਨਿਰਪੱਖ ਸ਼ਾਸਨ ਅਤੇ ਪੰਜਾਬੀ ਸੱਭਿਆਚਾਰ ਦੀ ਸਾਂਝ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ ਕਿ ਭਾਵੇਂ ਅੱਜ ਸਰਹੱਦਾਂ ਕਾਰਨ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਲੋਕ ਆਪਸ ਵਿੱਚ ਨਹੀਂ ਮਿਲ ਸਕਦੇ ਪਰ ਇੰਟਰਨੈੱਟ ਅਤੇ ਕੈਨੇਡਾ ਵਰਗੇ ਮੁਲਕਾਂ ਨੇ ਸਾਨੂੰ ਇੱਕ ਵਾਰ ਫਿਰ ਇੱਕ-ਦੂਜੇ ਦੇ ਨੇੜੇ ਲਿਆਂਦਾ ਹੈ। ਗ਼ਜ਼ਲ ਮੰਚ ਵੱਲੋਂ ਸ਼ਾਇਰ ਬਲਦੇਵ ਸੀਹਰਾ, ਸ਼ਾਇਰ ਜਸਬੀਰ ਚਾਹਲ ਅਤੇ ਡਾ. ਚੀਮਾ ਨੂੰ ਸ਼ਾਲ ਅਤੇ ਪਲੈਕ ਦੇ ਕੇ ਸਨਮਾਨਿਤ ਕੀਤਾ ਗਿਆ।

ਸਮਾਗਮ ਦੇ ਅੰਤ ਵਿੱਚ ਗ਼ਜ਼ਲ ਮੰਚ ਦੇ ਪ੍ਰਧਾਨ ਜਸਵਿੰਦਰ ਨੇ ਦੋਹਾਂ ਸ਼ਾਇਰਾਂ ਦੀ ਸ਼ਾਇਰੀ ਦੀ ਭਰਪੂਰ ਸ਼ਲਾਘਾ ਕਰਦਿਆਂ ਬਹੁਤ ਡੂੰਘੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਬਲਦੇਵ ਸੀਹਰਾ ਅਤੇ ਜਸਬੀਰ ਚਾਹਲ ਦੀਆਂ ਇਹ ਰਚਨਾਵਾਂ ਪੰਜਾਬੀ ਅਤੇ ਉਰਦੂ ਗ਼ਜ਼ਲ ਦੇ ਖ਼ਜ਼ਾਨੇ ਵਿੱਚ ਇੱਕ ਵਡਮੁੱਲਾ ਵਾਧਾ ਹਨ, ਜੋ ਪਾਠਕਾਂ ਨੂੰ ਮਾਨਸਿਕ ਸਕੂਨ ਅਤੇ ਚਿੰਤਨ ਪ੍ਰਦਾਨ ਕਰਦੀਆਂ ਹਨ। ਜਸਵਿੰਦਰ ਨੇ ਵਿਸ਼ੇਸ਼ ਤੌਰ 'ਤੇ ਜ਼ੋਰ ਦਿੱਤਾ ਕਿ ਕਵਿਤਾ ਸਿਰਫ਼ ਸ਼ਬਦਾਂ ਦਾ ਸੁਮੇਲ ਨਹੀਂ ਹੁੰਦੀ, ਸਗੋਂ ਇਹ ਮੋਹ-ਮੁਹੱਬਤ ਦਾ ਇੱਕ ਅਜਿਹਾ ਪੁਲ ਹੈ ਜੋ ਦਿਲਾਂ ਨੂੰ ਆਪਸ ਵਿੱਚ ਜੋੜਦਾ ਹੈ। ਉਨ੍ਹਾਂ ਕਿਹਾ ਕਿ ਰਾਜਨੀਤੀ ਅਤੇ ਸਰਹੱਦਾਂ ਮਨੁੱਖਾਂ ਵਿੱਚ ਦੂਰੀਆਂ ਪੈਦਾ ਕਰ ਸਕਦੀਆਂ ਹਨ, ਪਰ ਕਵਿਤਾ ਸਦੀਵੀ ਹੈ ਅਤੇ ਇਹ ਹਮੇਸ਼ਾ ਇਨਸਾਨੀਅਤ ਤੇ ਸਾਂਝੀਵਾਲਤਾ ਦਾ ਰਾਹ ਦਿਖਾਉਂਦੀ ਰਹੇਗੀ।

ਡਾ. ਚੀਮਾ ਦਾ ਉਚੇਚੇ ਤੌਰ 'ਤੇ ਧੰਨਵਾਦ ਕਰਦਿਆਂ ਉਨ੍ਹਾਂ ਪਾਕਿਸਤਾਨ ਨੂੰ ਇੱਕ ਬਾਹਰਲੇ ਘਰ ਵਾਂਗ ਦੱਸਿਆ ਅਤੇ ਕਿਹਾ ਕਿ ਦੋਵਾਂ ਪਾਸਿਆਂ ਦੇ ਅਦੀਬ ਅਤੇ ਸ਼ਾਇਰ ਇਸ ਮੁਹੱਬਤ ਦੇ ਪੁਲ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ। ਉਨ੍ਹਾਂ ਅਨੁਸਾਰ ਜਦੋਂ ਤੱਕ ਕਵਿਤਾ ਜਿਉਂਦੀ ਹੈ, ਉਦੋਂ ਤੱਕ ਸਾਂਝੀ ਪੰਜਾਬੀਅਤ ਦਾ ਅਹਿਸਾਸ ਵੀ ਜਿਉਂਦਾ ਰਹੇਗਾ। ਸਟੇਜ ਦਾ ਸੰਚਾਲਨ ਗ਼ਜ਼ਲ ਮੰਚ ਦੇ ਜਨਰਲ ਸਕੱਤਰ ਦਵਿੰਦਰ ਗੌਤਮ ਨੇ ਬਾਖ਼ੂਬੀ ਅਦਾ ਕੀਤਾ।

STAR AUTOBODY

ICBC c.a.r. shop VALET
Accredited Collision Repairs & Valet Service

ICBC Glass EXPRESS



SPECIALIZE
- All vehicles any make or model
- Commercial Trucks, any make or model

CERTIFIED
- ICBC CARSHOP Valet Express Shop with certified technicians and equipment
- ICBC Glass Express
- Private Insurance Companies

SERVICE
Open Monday-Saturday - 8 am to 6 pm
- Courtesy Cars
- Vehicle pick-up and drop-off

*We handle private insurance claims:*
family INSURANCE, intact INSURANCE, canadian direct insurance, economical INSURANCE, CNS, RSA

**604-597-5151**
*8277-124th St., Surrey, BC V3W 9G2*
*Ph: 604-597-5151 / Fax: 604-597-5195*
*www.startautobody.net*


Pure for Sure
Prabu
www.prabufoods.com
7035 128 St #106, Surrey, BC V3W 4E1

WALKER HOUSE



NOW SELLING

NORTH DELTA'S FLAGSHIP HIGH-RISE COMMUNITY

Soaring 29-storeys above North Delta's skyline, Walker House offers 17,000 SF of amenities and unobstructed sweeping vistas of the Fraser River, North Shore Mountains and urban landscape.

**Starting from the mid $400s. Parking included.**

BOOK A PRIVATE VIEWING

WalkerHouseDelta.com

BMG REAL ESTATE BUILDING COMMUNITIES

MARKETING BY rennie

This is not an offering for sale. Any such offering can only be made with a disclosure statement. Prices are subject to change without notice. The developer reserves the right to make changes and modifications to the information contained herein without prior notice. Artist's renderings are representations only and may not be accurate. E.&O.E.

# ਰੈਪਰ ਬਾਦਸ਼ਾਹ ਨੇ ਰਚਾਇਆ ਦੂਜਾ ਵਿਆਹ, ਮਾੱਡਲ ਤੇ ਅਦਾਕਾਰਾ ਹੈ ਦੂਜੀ ਪਤਨੀ ਈਸ਼ਾ ਰਿਖੀ

ਬਾਦਸ਼ਾਹ ਨੇ ਮਾੱਡਲ ਤੇ ਅਦਾਕਾਰਾ ਈਸ਼ਾ ਰਿਖੀ ਨਾਲ ਵਿਆਹ ਰਚਾ ਲਿਆ ਹੈ। ਇਹ ਬਾਦਸ਼ਾਹ ਦਾ ਦੂਜਾ ਵਿਆਹ ਹੈ। ਉਨ੍ਹਾਂ ਨੇ 2012 ਵਿਚ ਜੈਸਮੀਨ ਮਸੀਹ ਨਾਲ ਵਿਆਹ ਕੀਤਾ ਸੀ। ਇਸ ਵਿਆਹ ਤੋਂ ਉਨ੍ਹਾਂ ਨੂੰ 2017 ਵਿਚ ਇੱਕ ਧੀ ਜੈਸਮੀ ਗ੍ਰੇਸ ਮਸੀਹ ਸਿੰਘ ਹੋਈ। ਇਹ ਵਿਆਹ 2020 ਵਿਚ ਖਤਮ ਹੋ ਗਿਆ ਸੀ। ਇਸ ਤੋਂ ਬਾਅਦ ਬਾਦਸ਼ਾਹ ਦਾ ਨਾਮ ਪੰਜਾਬੀ ਅਦਾਕਾਰਾ ਅਤੇ ਮਾਡਲ ਈਸ਼ਾ ਰਿਖੀ ਨਾਲ ਜੁੜਿਆ ਰਿਹਾ। ਈਸ਼ਾ ਰਿਖੀ ਚੰਡੀਗੜ੍ਹ ਦੀ ਹੈ ਅਤੇ ਉਸ ਨੇ 2013 ਵਿਚ ਫਿਲਮ ਜੱਟ ਬੋਏਜ਼ ਪੁੱਤ ਜੱਟਾਂ ਦੇ ਨਾਲ ਆਪਣੀ ਸ਼ੁਰੂਆਤ ਕੀਤੀ। ਉਸ ਨੇ ਹੈਪੀ ਗੋ ਲੱਕੀ, ਵਟ ਦ ਜੱਟ, ਅਰਦਾਸ, ਨਵਾਬਜ਼ਾਦੇ ਵਰਗੀਆਂ ਫਿਲਮਾਂ ਵਿਚ ਕੰਮ ਕੀਤਾ ਹੈ ਅਤੇ ਮਾਡਲਿੰਗ ਵੀ ਕੀਤੀ ਹੈ। ਉਸ ਦੇ ਮਾਤਾ-ਪਿਤਾ ਪੂਨਮ ਰਿਖੀ ਅਤੇ ਪ੍ਰਦੀਪ ਕੁਮਾਰ ਰਿਖੀ ਹਨ।



ਹਾਲ ਹੀ ਵਿਚ ਈਸ਼ਾ ਰਿਖੀ ਦੀ ਮਾਤਾ ਪੂਨਮ ਰਿਖੀ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਫੋਟੋਆਂ ਅਤੇ ਵੀਡੀਓਆਂ ਸਾਂਝੀਆਂ ਕੀਤੀਆਂ ਹਨ, ਜਿਨ੍ਹਾਂ ਵਿਚ ਬਾਦਸ਼ਾਹ ਅਤੇ ਈਸ਼ਾ ਵਿਆਹ ਵਾਲੀਆਂ ਰਸਮਾਂ ਨਿਭਾਉਂਦੇ ਨਜ਼ਰ ਆ ਰਹੇ ਹਨ। ਫੋਟੋਆਂ ਵਿਚ ਬਾਦਸ਼ਾਹ ਭੂਰੇ ਕੁੜਤੇ ਅਤੇ ਸੋਨੇਰੀ ਸਾਫ਼ੇ ਵਿਚ ਅਤੇ ਈਸ਼ਾ ਲਾਲ ਸਲਵਾਰ ਕਮੀਜ਼ ਵਿਚ ਦਿਖਾਈ ਦੇ ਰਹੀ ਹੈ। ਦੋਵੇਂ ਵਿਆਹ ਵਾਲੀਆਂ ਮਾਲਾਵਾਂ ਪਾਏ ਹੋਏ ਹਨ ਅਤੇ ਪਰਿਵਾਰਕ ਮੈਂਬਰਾਂ ਦੀ ਹਾਜ਼ਰੀ ਵਿਚ ਖੁਸ਼ੀ ਨਾਲ ਫੋਟੋਆਂ ਖਿਚਵਾ ਰਹੇ ਹਨ। ਇਨ੍ਹਾਂ ਤਸਵੀਰਾਂ ਤੋਂ ਲੱਗ ਰਿਹਾ ਹੈ ਕਿ ਬਾਦਸ਼ਾਹ ਅਤੇ ਈਸ਼ਾ ਰਿਖੀ ਨੇ ਵਿਆਹ ਦੇ ਬੰਧਨ ਵਿਚ ਬੱਝ ਗਏ ਹਨ। ਹਾਲਾਂਕਿ ਅਜੇ ਤੱਕ ਬਾਦਸ਼ਾਹ ਵੱਲੋਂ ਇਸ ਬਾਰੇ ਕੋਈ ਅਧਿਕਾਰਤ ਐਲਾਨ ਨਹੀਂ ਕੀਤਾ ਗਿਆ ਹੈ, ਪਰ ਫੋਟੋਆਂ ਵਾਇਰਲ ਹੋਣ ਤੋਂ ਬਾਅਦ ਇਸ ਖਬਰ ਨੇ ਫੈਨਜ਼ ਵਿਚ ਖਾਸ ਉਤਸਾਹ ਪੈਦਾ ਕੀਤਾ ਹੈ। ਗਾਇਕ-ਰੈਪਰ ਬਾਦਸ਼ਾਹ ਭਾਰਤੀ ਸੰਗੀਤ ਉਦਯੋਗ ਵਿੱਚ ਇੱਕ ਅਜਿਹਾ ਨਾਮ ਹੈ ਜਿਸ ਨੇ ਹਿੱਪ-ਹਾਪ ਅਤੇ ਰੈਪ ਸੰਗੀਤ ਨੂੰ ਮੁੱਖਧਾਰਾ ਵਿੱਚ ਲਿਆਂਦਾ ਹੈ। ਉਸ ਦਾ ਅਸਲ ਨਾਮ ਅਦਿਤਿਆ ਪ੍ਰਤੀਕ ਸਿੰਘ ਸਿਸੋਦੀਆ ਹੈ ਅਤੇ ਉਹ 19 ਨਵੰਬਰ 1985 ਨੂੰ ਦਿੱਲੀ ਵਿੱਚ ਜਨਮੇ ਸਨ। ਉਨ੍ਹਾਂ ਦੇ ਪਿਤਾ ਹਰਿਆਣਾ ਅਤੇ ਮਾਤਾ ਪੰਜਾਬ ਦੇ ਜੰਮਪਲ ਹਨ। ਬਚਪਨ ਤੋਂ ਹੀ ਸੰਗੀਤ ਨਾਲ ਲਗਾਅ ਰੱਖਣ ਵਾਲੇ ਬਾਦਸ਼ਾਹ ਨੇ ਆਪਣੀ ਪੜ੍ਹਾਈ ਚੰਡੀਗੜ੍ਹ ਦੇ ਪੰਜਾਬ ਇੰਜੀਨੀਅਰਿੰਗ ਕਾਲਜ ਤੋਂ ਸਿਵਲ ਇੰਜੀਨੀਅਰਿੰਗ ਵਿੱਚ ਕੀਤੀ ਸੀ, ਪਰ ਉੱਥੇ ਹੀ ਪੰਜਾਬੀ ਸੰਗੀਤ ਨਾਲ ਰੂ-ਬ-ਰੂ ਹੋ ਕੇ ਉਨ੍ਹਾਂ ਨੇ ਰੈਪ ਲਿਖਣਾ ਸ਼ੁਰੂ ਕਰ ਦਿੱਤਾ।

ਬਾਦਸ਼ਾਹ ਨੇ ਆਪਣਾ ਕਰੀਅਰ 2006 ਵਿੱਚ ਯੋ ਯੋ ਹਨੀ ਸਿੰਘ ਨਾਲ ਮਿਲ ਕੇ 'ਮਾਫੀਆ ਮੁੰਡੀਰ ਗਰੁੱਪ' ਰਾਹੀਂ ਆਰੰਭ ਕੀਤਾ। ਉਸ ਸਮੇਂ ਉਨ੍ਹਾਂ ਨੂੰ 'ਕੂਲ ਈਕੁਅਲ' ਵਜੋਂ ਜਾਣਿਆ ਜਾਂਦਾ ਸੀ। ਬਾਅਦ ਵਿੱਚ ਹਨੀ ਸਿੰਘ ਦੀ ਸਲਾਹ 'ਤੇ ਉਨ੍ਹਾਂ ਨੇ ਬਾਦਸ਼ਾਹ ਨਾਮ ਅਪਣਾਇਆ। ਉਨ੍ਹਾਂ ਨੇ ਹਨੀ ਸਿੰਘ ਦੇ ਐਲਬਮ ਇੰਟਰਨੈਸ਼ਨਲ ਵਿਲੇਜਰ ਲਈ ਟ੍ਰੈਕ ਤਿਆਰ ਕੀਤੇ ਅਤੇ ਬਾਅਦ ਵਿੱਚ ਗਰੁੱਪ ਤੋਂ ਵੱਖ ਹੋ ਗਏ। ਉਨ੍ਹਾਂ ਦੀ ਵੱਡੀ ਮੱਲ 2014 ਵਿੱਚ ਬਾਲੀਵੁੱਡ ਫਿਲਮ ਹੰਪਟੀ ਸ਼ਰਮਾ ਕੀ ਦੁਲਹਨੀਆ ਵਿਚ ਗੀਤ "ਸੈਟਰਡੇ ਸੈਟਰਡੇ" ਨਾਲ ਹੋਈ, ਜਿਸ ਤੋਂ ਬਾਅਦ ਉਨ੍ਹਾਂ ਨੇ ਇੱਕ ਤੋਂ ਬਾਅਦ ਇੱਕ ਹਿੱਟ ਗੀਤ ਦਿੱਤੇ।

# ਬਾਲੀਵੁੱਡ

## ਰਣਵੀਰ ਸਿੰਘ ਦੀ ਦਸਤਾਰ ਸਜਾ ਕੇ ਸਿਗਰਟ ਪੀਣ ਵਾਲੀ ਤਸਵੀਰ ਜਾਅਲੀ: ਅਦਿੱਤਿਆ ਧਰ



ਬਲਾਕਬਸਟਰ ਫਿਲਮ 'ਧੁਰੰਧਰ: ਦ ਰਿਵੈਂਜ' ਦੇ ਨਿਰਦੇਸ਼ਕ ਅਦਿੱਤਿਆ ਧਰ ਨੇ ਰਣਵੀਰ ਸਿੰਘ ਦੇ ਕਿਰਦਾਰ ਵੱਲੋਂ ਦਸਤਾਰ ਸਜਾ ਕੇ ਸਿਗਰਟ ਪੀਣ ਦੀਆਂ ਤਸਵੀਰਾਂ ਨੂੰ ਪੂਰੀ ਤਰ੍ਹਾਂ 'ਝੂਠੀਆਂ ਅਤੇ ਜਾਅਲੀ' ਕਰਾਰ ਦਿੱਤਾ ਹੈ। ਧਰ ਨੇ ਵੀਰਵਾਰ ਨੂੰ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਹ ਤਸਵੀਰਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਮਦਦ ਨਾਲ ਤਿਆਰ ਕੀਤੀਆਂ ਗਈਆਂ ਹਨ ਤਾਂ ਜੋ ਫ਼ਿਲਮ ਦੇ ਅਕਸ ਨੂੰ ਖ਼ਰਾਬ ਕੀਤਾ ਜਾ ਸਕੇ ਅਤੇ ਸ਼ਰਾਰਤ ਪੈਦਾ ਕੀਤੀ ਜਾ ਸਕੇ।

ਅਦਿੱਤਿਆ ਧਰ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦੇ ਮਨ ਵਿੱਚ ਸਿੱਖ ਭਾਈਚਾਰੇ ਪ੍ਰਤੀ ਡੂੰਘਾ ਸਤਿਕਾਰ ਹੈ। ਉਨ੍ਹਾਂ ਕਿਹਾ, " ਫ਼ਿਲਮ ਵਿੱਚ ਹਰ ਕਿਰਦਾਰ ਨੂੰ ਬਹੁਤ ਸੰਵੇਦਨਸ਼ੀਲਤਾ ਅਤੇ ਜ਼ਿੰਮੇਵਾਰੀ ਨਾਲ ਪੇਸ਼ ਕੀਤਾ ਗਿਆ ਹੈ। ਦਸਤਾਰ ਸਜਾ ਕੇ ਸਿਗਰਟ ਪੀਣ ਵਾਲਾ ਕੋਈ ਵੀ ਦ੍ਰਿਸ਼ ਫ਼ਿਲਮ ਦਾ ਹਿੱਸਾ ਨਹੀਂ ਹੈ। ਇਹ ਕੁਝ ਲੋਕਾਂ ਵੱਲੋਂ ਪ੍ਰਚਾਰ ਸਮੱਗਰੀ ਨਾਲ ਛੇੜਛਾੜ ਕਰਕੇ ਫੈਲਾਇਆ ਜਾ ਰਿਹਾ ਗੁੰਮਰਾਹਕੁੰਨ ਪ੍ਰਚਾਰ ਹੈ।" ਉਨ੍ਹਾਂ ਚਿਤਾਵਨੀ ਦਿੱਤੀ ਕਿ ਅਜਿਹੀਆਂ ਹਰਕਤਾਂ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਇੱਕ ਸਿੱਖ ਜਥੇਬੰਦੀ ਨੇ ਫ਼ਿਲਮ ਦੇ ਅਦਾਕਾਰ ਆਰ. ਮਾਧਵਨ ਦੇ ਇੱਕ ਦ੍ਰਿਸ਼ 'ਤੇ ਵੀ ਇਤਰਾਜ਼ ਜਤਾਇਆ ਸੀ।

ਮਾਧਵਨ ਨੇ ਵੀ ਬੁੱਧਵਾਰ ਨੂੰ ਸਪੱਸ਼ਟ ਕੀਤਾ ਕਿ ਫ਼ਿਲਮ ਵਿੱਚ ਗੁਰਬਾਣੀ ਦੀਆਂ ਪੰਕਤੀਆਂ ਪੜ੍ਹਨ ਤੋਂ ਪਹਿਲਾਂ ਉਨ੍ਹਾਂ ਦਾ ਕਿਰਦਾਰ ਸਿਗਰਟ ਬੁਝਾ ਦਿੰਦਾ ਹੈ ਅਤੇ ਨਿਰਦੇਸ਼ਕ ਨੇ ਇਸ ਸੀਨ ਨੂੰ ਫਿਲਮਾਉਣ ਵੇਲੇ ਮਰਿਆਦਾ ਦਾ ਪੂਰਾ ਧਿਆਨ ਰੱਖਿਆ ਹੈ। 19 ਮਾਰਚ ਨੂੰ ਰਿਲੀਜ਼ ਹੋਈ 'ਧੁਰੰਧਰ 2' ਵਿਸ਼ਵ ਪੱਧਰ 'ਤੇ 900 ਕਰੋੜ ਰੁਪਏ ਤੋਂ ਵੱਧ ਦੀ ਕਮਾਈ ਕਰ ਚੁੱਕੀ ਹੈ। ਇਹ ਫ਼ਿਲਮ 2025 ਵਿੱਚ ਆਈ 'ਧੁਰੰਧਰ' ਦਾ ਅਗਲਾ ਭਾਗ ਹੈ, ਜਿਸ ਵਿੱਚ ਰਣਵੀਰ ਸਿੰਘ ਦੇ ਕਿਰਦਾਰ 'ਹਮਜ਼ਾ' ਦੇ 'ਜਸਕੀਰਤ ਸਿੰਘ ਰੰਗੀ' ਬਣਨ ਤੱਕ ਦੇ ਸਫ਼ਰ ਨੂੰ ਦਿਖਾਇਆ ਗਿਆ ਹੈ। ਨਿਰਦੇਸ਼ਕ ਨੇ ਦਰਸ਼ਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਸਿਰਫ਼ ਅਧਿਕਾਰਤ ਸਮੱਗਰੀ 'ਤੇ ਹੀ ਭਰੋਸਾ ਕਰਨ।

## ਯੂਟਿਊਬ ਤੇ ਦੁਨੀਆ ਭਰ ਚ ਦੂਜੇ ਨੰਬਰ ਤੇ ਛਾਇਆ ਮੂਸੇਵਾਲਾ ਦਾ ਬਰੋਟਾ

ਮਰਹੂਮ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਦੇ ਪ੍ਰਸ਼ੰਸਕਾਂ ਲਈ ਇੱਕ ਵਾਰ ਫਿਰ ਖ਼ੁਸ਼ੀ ਦੀ ਖ਼ਬਰ ਸਾਹਮਣੇ ਆਈ ਹੈ। ਸਿੱਧੂ ਦੀ ਟੀਮ ਵੱਲੋਂ ਸੋਸ਼ਲ ਮੀਡੀਆ 'ਤੇ ਜਾਣਕਾਰੀ ਸਾਂਝੀ ਕੀਤੀ ਗਈ ਹੈ ਕਿ ਮੂਸੇਵਾਲਾ ਦਾ ਇੱਕ ਹੋਰ ਨਵਾਂ ਗੀਤ ਆਉਣ ਵਾਲੇ ਕੁਝ ਹੀ ਦਿਨਾਂ ਵਿੱਚ ਦੁਨੀਆ ਭਰ ਵਿੱਚ ਰਿਲੀਜ਼ ਹੋਣ ਜਾ ਰਿਹਾ ਹੈ।




ਜ਼ਿਕਰਯੋਗ ਹੈ ਕਿ ਪਿਛਲੇ ਸਾਲ ਨਵੰਬਰ ਵਿੱਚ ਰਿਲੀਜ਼ ਹੋਏ ਗੀਤ 'ਬਰੋਟਾ' ਨੇ ਸੋਸ਼ਲ ਮੀਡੀਆ ਅਤੇ ਯੂਟਿਊਬ 'ਤੇ ਵੱਡੇ ਰਿਕਾਰਡ ਤੋੜੇ ਹਨ। ਸਿੱਧੂ ਦੀ ਟੀਮ ਅਨੁਸਾਰ, 'ਬਰੋਟਾ' ਯੂਟਿਊਬ 'ਤੇ ਦੁਨੀਆ ਭਰ ਵਿੱਚ ਦੂਜਾ ਸਭ ਤੋਂ ਵੱਧ ਕਮੈਂਟ (1 ਕਰੋੜ ਤੋਂ ਵੱਧ) ਕੀਤਾ ਜਾਣ ਵਾਲਾ ਵੀਡੀਓ ਬਣ ਗਿਆ ਹੈ। ਪ੍ਰਸ਼ੰਸਕਾਂ ਦੇ ਇਸ ਪਿਆਰ ਨੂੰ ਦੇਖਦੇ ਹੋਏ ਟੀਮ ਨੇ ਨਵੇਂ ਗੀਤ ਦਾ ਐਲਾਨ ਕਰਦਿਆਂ ਲਿਖਿਆ, , "Moose bout to be on the loose..."

# Dr. Dhanju

## We'll take care of your Teeth



| General | Cosmetic | Surgical | High-Tech Exam |
|---|---|---|---|
| Exams/Cleaning | Teeth Whitening | Wisdom Teeth | Dignodent |
| Dental Sealants | Veneers | Implants | Digital X-Rays |
| Root Canals | Smile Design | | Intra-Oral Camera |
| Crowns/Caps | | | |
| Duentures | | | |
| Gum Disease | | | |

| SURREY | SURREY | RICHMOND | SURREY |
|---|---|---|---|
| 206 - 15230 56 Ave (HWY 10), 604-200-3993 | 7126 King George Blvd, 604.591.8999 | Suite 1946 6060 Minoru Blvd. Inside Richmond Centre (Close to Shoppers Drug Mart) 604.276.2442 | Suite 300 15850 24th Ave. 604.536.2700 |

Vol. 20, Issue: 13

Friday, MAR 27, 2026

# REALTY CLASSIFIEDS

W: www.realtyclassifieds.ca | E: design@swmediagroup.ca | Ph: 604-312-5678,

## More than half of Canadians say their current home is not ideal: report

More than half of Canadians say they are not living in their ideal home, according to a new report from Century 21. While most want more space, a majority cited affordability as the top barrier for moving into their dream dwelling.

Released Thursday, the Century 21 Spring Study also found that the average Canadian buyer has a budget of nearly $677,000 and is looking for a three-bedroom home with 2.5 washrooms. According to the Canadian Real Estate Association, the national average sale price for a home in February 2026 was $663,828, down 0.2 per cent from a year ago.

"The Canadian dream of owning a moderate stand-alone house with a few bedrooms for family and a yard is as relevant today as it ever has been," Century 21 Canada executive vice-president Todd Shyiak said in a news release. "This perhaps speaks to why many moderately priced communities just outside metro centres are experiencing a real estate boom."

The report was based on an online survey of 2,300 Canadians conducted by market research firm Ipsos. It found that a majority of respondents (55 per cent) said they were not living in their ideal home, with most (63 per cent) desiring more space. On average, respondents wanted a home that was nearly 2,100 square feet (195 square metres), which is about 600 square feet (55.7 square meters) larger than the average home size identified in the report.

Among those not living in their ideal space, most cited affordability as the top barrier (59 per cent) to relocating, followed the challenge and expense of moving (34 per cent) and issues saving for a down payment (14 per cent). Owners were also much more likely to say they love their home (80 per cent) compared to renters (50 per cent).

"What struck me in the results is the satisfaction gap between owners and renters," Ipsos Public Affairs senior vice-president Sean Simpson said in the news release. "That 30-point gap helps explain why homeownership remains the goal for most Canadians – it's not just about building equity, it's about finding a place that truly feels like home."


# Lifestyle
REAL ESTATE GROUP



12010 - 265A Street

1.5 acre ultimate multi generational estate property in Forest Hills!



#61-32959 George Ferguson

Spacious, bright, updated 2 bdrm upper END unit in Oakhurst Park



#312-11816-88 Ave

Top floor corner unit, large 2 bdrm spacious & bright condo located close to everything.



#17 - 19932 - 70 Ave

Spacious corner unit. 3 bdrm, 3.5 bath townhome in sought after complex!



#20 - 15273 - 24th Ave

Renovated 3 bdrm 3 bath in 55+ complex in South Surrey!



#222 - 7837 - 120A St.

Spacious & bright 1692 sq ft townhouse close to everything!



Tom Edwards
Personal Real Estate Corporation
604-341-6884
tom@northdeltahomes.com
www.northdeltahomes.com
www.lifestylerealestategroup.ca
@tomedwardsremax

Lifestyle
REAL ESTATE GROUP





# HARMINDER S. PATTAR PREC

COLDWELL BANKER UNIVERSE REALTY

## 604-377-2854

**BUILDERS OR INVESTOR ALERT!**
**I have BIG Chinese Investors, they are looking for Investment in Multi-family Townhouses and Hotel sites. Call for more details.**



### 2681 E 41 AVE, VANCOUVER

Court order sale, duplex that requires some finishing. 3 level (non-strata) front and back duplex for sale with 4 bed room & 3 bath room with 1749 sqft on each side, big duplex, separate entrance in the basement. Purchaser must be able to have a new home warranty and be a licensed builder. Buyer must do their due diligence from the City of Vancouver regarding permits. Good size lot appx. 4,653.00 sq.ft with detached garage and lane access.

~~$2,750,000~~

**$2,288,000**

### COMMERCIAL PLAZA FOR SALE 2638-2640 CEDAR PARK PLACE, ABBOTSFORD



THIS IS A FULLY LEASED WITH 10 SEPARATELY LEASED RETAIL. COMMERCIAL PROPERTY SITUATED IN THE HEART OF ABBOTSFORD.. IT IS LOCATED JUST TWO BLOCK FROM CITY HALL CORNER OF SOUTH FRASER WAY AD CEDAR PARK PLACE. ITS OVER 17000 SQ FT BUILDING SITUATED ON OVER 13000 SQ FT LOT AREA, ITS HIGH VISIBLE PROMINENT WITH LARGE FRONTAGE.

**$6,699,000**

### 5942 LAUREL ST VANCOUVER




WELL KEPT OLD HOUSE WITH 6800 sq FT LOT OVER 3000 SQ FT HIUSE ,5bed ROOM , 4 Bathrooms ON QUEITE ST ,, build DUPLX GOOD HOLDING PROPERTY ASKING 3.1 ML MORE INFORMATION PLS CALL

**$2,945,000**

### 1035 23200 GILLEY ROAD




This brand-new 989 sqft commercial space located in Hamilton Village West. This provides best opportunity for those who wants to start their career. This unit is newly built and is ready to move in. Enjoy easy access for your clientele with recessed curb parking in front of the store, 30 at grade parking stalls plus 50 in the building's parkade. Situated on the ground floor of the brand new 130-unit condominium development in a fast growing Richmond hub, don't miss this opportunity to be at the

**$799,999**

### #45 12036 66 AVE, SURREY $799,000



Discover this beautiful , bright and spacious 3-bedroom, 2.5-bathroom townhome in a highly desirable central location.The home features a spacious west-facing sundeck, perfect for soaking in the afternoon sun or enjoying evening relaxation.The double tandem garage offers convenient parking andextra storage. With public transit just steps away on scott road, commuting is a breeze.Families will love the proximity to top-rated schools, ensuringexcellent education options. You'll also find a variety of shopping, dining, and entertainment options nearby, making this home a perfect blend of convenience and comfort.

**$799,000**


THE PUBLISHED INFORMATION IS FROM RELIABLE SOURCES BUT SHOULD NOT BE RELIED UPON WITHOUT VERIFICATION. REALTY CLASSIFIEDS ASSUME NO RESPONSIBILITY FOR ITS ACCURACY. PLEASE CONTACT YOUR LOCAL REALTOR FOR FURTHER VERIFICATION AND DETAILS. THANK YOU.

# ਮੋਦੀ ਟਰੰਪ ਵੱਲੋਂ ਪੱਛਮੀ ਏਸ਼ੀਆ ਸੰਕਟ ਬਾਰੇ ਚਰਚਾ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਫੋਨ ’ਤੇ ਗੱਲਬਾਤ ਮਗਰੋਂ ਕਿਹਾ ਕਿ ਭਾਰਤ ਪੱਛਮੀ ਏਸ਼ੀਆ ’ਚ ਫ਼ੌਰੀ ਸ਼ਾਂਤੀ ਬਹਾਲੀ ਅਤੇ ਤਣਾਅ ਘਟਾਉਣ ਦੀ ਹਮਾਇਤ ਕਰਦਾ ਹੈ। ਦੋਵੇਂ ਆਗੂਆਂ ਵਿਚਾਲੇ ਗੱਲਬਾਤ ਹਰਮੁਜ਼ ਜਲ ਮਾਰਗ ਨੂੰ ਜਹਾਜ਼ਾਂ ਦੀ ਆਵਾਜਾਈ ਸੁਰੱਖਿਅਤ ਬਣਾਉਣ ਅਤੇ ਖਿੱਤੇ ’ਚ ਸ਼ਾਂਤੀ ਤੇ ਸਥਿਰਤਾ ਕਾਇਮ ਕਰਨ ਦੀਆਂ ਕੋਸ਼ਿਸ਼ਾਂ ’ਤੇ ਕੇਂਦਰਤ ਰਹੀ। ਉਧਰ, ਇਰਾਨ ਦੇ ਫ਼ੌਜੀ ਅਤੇ ਸਿਆਸੀ ਆਗੂਆਂ ਨੇ ਅਮਰੀਕੀ ਰਾਸ਼ਟਰਪਤੀ ਦੇ ਵਾਰਤਾ ਬਾਰੇ ਦਿੱਤੇ ਬਿਆਨਾਂ ਨੂੰ ਨਕਾਰ ਦਿੱਤਾ ਹੈ। ਇਰਾਨੀ ਫ਼ੌਜ ਦੀ ਸਿਖਰਲੀ ਕਮਾਂਡ ਖ਼ਾਤਮ-ਅਲ ਅਨਬੀਆ ਦੇ ਤਰਜਮਾਨ ਮੇਜਰ ਜਨਰਲ ਅਲੀ ਅਬਦੁੱਲਾਹੀ ਆਲੀਆਬਾਦੀ ਨੇ ਕਿਹਾ ਕਿ ਉਨ੍ਹਾਂ ਦੀ ਫ਼ੌਜ ਮੁਕੰਮਲ ਜਿੱਤ ਹਾਸਲ ਕਰਨ ਤੱਕ ਜੰਗ ਲੜੇਗੀ। ਜਨਰਲ ਦੇ ਇਸ ਬਿਆਨ ਤੋਂ ਜਾਪਦਾ ਹੈ ਕਿ ਫ਼ੌਜ ਅਮਰੀਕਾ ਨਾਲ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਲਈ ਸਹਿਮਤ ਨਹੀਂ ਹੈ।

ਟਰੰਪ ਵੱਲੋਂ ਇਰਾਨ ਨੂੰ ਹਰਮੁਜ਼ ਜਲ ਮਾਰਗ ਖੋਲ੍ਹਣ ਲਈ ਪੰਜ ਹੋਰ ਦਿਨ ਦਿੱਤੇ ਜਾਣ ਦੇ ਇਕ ਦਿਨ ਬਾਅਦ ਅਮਰੀਕੀ ਰਾਸ਼ਟਰਪਤੀ ਨੇ ਮੋਦੀ ਨੂੰ ਫੋਨ ’ਤੇ ਤਾਜ਼ਾ ਘਟਨਾਕ੍ਰਮ ਬਾਰੇ ਜਾਣਕਾਰੀ ਦਿੱਤੀ। ਮੋਦੀ ਨੇ ਸੋਸ਼ਲ ਮੀਡੀਆ ’ਤੇ ਦੱਸਿਆ ਕਿ ਉਹ ਅੱਗੇ ਵੀ ਇਕ-ਦੂਜੇ ਦੇ ਸੰਪਰਕ ’ਚ ਰਹਿਣ ਲਈ ਸਹਿਮਤ ਹੋਏ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਮੰਨਿਆ ਕਿ ਪੱਛਮੀ ਏਸ਼ੀਆ ਸੰਕਟ ਕਰ ਕੇ ਹਾਲਾਤ ਲਗਾਤਾਰ ਬਦਲ ਰਹੇ ਹਨ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਕਿਸੇ ਵੀ ਸੰਭਾਵੀ ਸਥਿਤੀ ਦੇ ਟਾਕਰੇ ਲਈ ਤਿਆਰ ਰਹਿਣ। ਉਨ੍ਹਾਂ ਪੱਛਮੀ ਏਸ਼ੀਆ ਜੰਗ ਦੇ ਸੰਭਾਵੀ ਸਿੱਟਿਆਂ ਨਾਲ ਨਜਿੱਠਣ ਲਈ ਵਿਸ਼ੇਸ਼ ਅਧਿਕਾਰਾਂ ਵਾਲੇ ਸੱਤ ਸਮੂਹ ਬਣਾਉਣ ਦਾ ਐਲਾਨ ਕੀਤਾ। ਉਨ੍ਹਾਂ ਰਾਜਾਂ ਨੂੰ ਇਸ ਸੰਕਟ ਤੋਂ ਬਚਣ ਲਈ ‘ਟੀਮ ਇੰਡੀਆ’ ਪਹੁੰਚ ਤਹਿਤ ਕੇਂਦਰ ਨਾਲ ਮਿਲ ਕੇ ਕੰਮ ਕਰਨ ਦੀ ਅਪੀਲ ਕੀਤੀ ਹੈ। ਇਸ ਦੌਰਾਨ ਸਰਕਾਰ ਨੇ ਪੱਛਮੀ ਏਸ਼ੀਆ ਸੰਕਟ ਬਾਰੇ ਚਰਚਾ ਲਈ ਬੁੱਧਵਾਰ ਸ਼ਾਮੀਂ ਪੰਜ ਵਜੇ ਸਰਬ ਪਾਰਟੀ ਮੀਟਿੰਗ ਸੱਦੀ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਬੈਠਕ ਦੀ ਅਗਵਾਈ ਕਰਨਗੇ। ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਕੇਰਲਾ ਵਿੱਚ ਪਹਿਲਾਂ ਤੋਂ ਨਿਰਧਾਰਿਤ ਪ੍ਰੋਗਰਾਮ ਕਰ ਕੇ ਸਰਬ ਪਾਰਟੀ ਮੀਟਿੰਗ ’ਚ ਸ਼ਾਮਲ ਨਹੀਂ ਹੋਣਗੇ।

ਪ੍ਰਧਾਨ ਮੰਤਰੀ ਨੇ ਰਾਜ ਸਭਾ ’ਚ ਦਿੱਤੇ ਬਿਆਨ ਵਿੱਚ ਜੰਗ ਦੇ ਗੰਭੀਰ ਸਿੱਟਿਆਂ ਵੱਲ ਇਸ਼ਾਰਾ ਕਰਦਿਆਂ ਕੋਵਿਡ-19 ਦੌਰਾਨ ਦੇਸ਼ ਦੀ ਪ੍ਰਤੀਕਿਰਿਆ ਨੂੰ ਯਾਦ ਕੀਤਾ, ਜਦੋਂ ਮਾਹਿਰਾਂ ਦੀ ਅਗਵਾਈ ਵਾਲੇ ਸਮੂਹ ਨੇ ਚੁਣੌਤੀਆਂ ਨਾਲ ਨਜਿੱਠਣ ’ਚ ਮਦਦ ਕੀਤੀ ਸੀ। ਉਨ੍ਹਾਂ ਕਿਹਾ ਕਿ ਸੱਤ ਸਮੂਹ ਈਂਧਣ, ਖਾਦਾਂ, ਗੈਸ, ਸਪਲਾਈ ਚੇਨਾਂ ਤੇ ਮਹਿੰਗਾਈ ਬਾਰੇ ਵੀ ਰਣਨੀਤੀਆਂ ਤਿਆਰ ਕਰਨਗੇ। ਪ੍ਰਧਾਨ ਮੰਤਰੀ ਨੇ ਸ਼ਰਾਰਤੀ ਅਨਸਰਾਂ ਨੂੰ ਚਿਤਾਵਨੀ ਦਿੱਤੀ ਕਿ ਉਹ ਇਸ ਸੰਕਟ ਦਾ ਲਾਹਾ ਲੈਣ ਦੀ ਕੋਸ਼ਿਸ਼ ਨਾ ਕਰਨ। ਉਨ੍ਹਾਂ ਸੂਬਾਂ ਸਰਕਾਰਾਂ ਨੂੰ ਕਾਲਾਬਾਜ਼ਾਰੀ ਤੇ ਜਮ੍ਹਾਂਖੋਰੀ ’ਤੇ ਰੋਕ ਲਾਉਣ ਲਈ ਕਿਹਾ। ਉਨ੍ਹਾਂ ਯਕੀਨ ਦਿਵਾਇਆ ਕਿ ਖਾੜੀ ਮੁਲਕਾਂ ’ਚ ਰਹਿ ਰਹੇ ਇਕ ਕਰੋੜ ਭਾਰਤੀਆਂ ਦੀ ਜ਼ਿੰਦਗੀ ਤੇ ਰੋਜ਼ੀ-ਰੋਟੀ ਦੀ ਸੁਰੱਖਿਆ ਭਾਰਤ ਲਈ ਵੱਡਾ ਮਸਲਾ ਹੈ।


JASSAL SIGNS

*From Concept to Completion*







- *Vehicle Wraps*
- *Business Cards Signs & Posters*
- *Wide Format Printing*
- *Banners & Truck Signs*
- *Invoices & Logo Sheets*
- *Logo Design & Real Estate Signs*
- *Channel Letters & Light Boxes & More*

604-599-4221

Email: info@jassalsigns.com

**Surrey**

#101 - 7728 128 St,
Surrey

**Cloverdale**

#101- 6592 176 St,
Cloverdale

**WWW.JASSALSIGNS.COM**

# ਅਮਰਜੀਤ ਕੌਰ ਪੰਨੂੰ ਦੀ ਪੁਸਤਕ ‘ਸੁੱਚਾ ਗੁਲਾਬ’ ’ਤੇ ਗੋਸ਼ਟੀ 29 ਨੂੰ

ਸਰੀ, (ਹਰਦਮ ਮਾਨ)- ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਵੱਲੋਂ ਮਾਂ-ਬੋਲੀ ਅਤੇ ਸਾਹਿਤਕ ਸਰਗਰਮੀਆਂ ਦੀ ਲੜੀ ਨੂੰ ਅੱਗੇ ਤੋਰਦਿਆਂ 29 ਮਾਰਚ, 2026 ਨੂੰ ਇੱਕ ਵਿਸ਼ੇਸ਼ ਸਾਹਿਤਕ ਮਿਲਣੀ ਦਾ ਕਰਵਾਈ ਜਾ ਰਹੀ ਹੈ। ਇਹ ਸਾਹਿਤਕ ਮਿਲਣੀ ਵਿਪਸਾਅ ਦੇ ਕਲਾ ਸਕੱਤਰ ਅਤੇ ਨਾਮਵਰ ਗਾਇਕ ਸੁਖਦੇਵ ਸਾਹਿਲ ਦੇ ਗ੍ਰਹਿ, 340 ਮੌਂਟੀ ਕਾਰੋਲ ਐਵੀਨਿਊ, ਯੂਨੀਅਨ ਸਿਟੀ ਵਿਖੇ ਸਵੇਰੇ 11:30 ਵਜੇ ਆਰੰਭ ਹੋਵੇਗੀ। ਸਮਾਗਮ ਦੇ ਪਹਿਲੇ ਪੜਾਅ ਵਿੱਚ ਬਹੁ-ਪੱਖੀ ਲੇਖਿਕਾ ਅਮਰਜੀਤ ਕੌਰ ਪੰਨੂੰ ਦੇ ਕਹਾਣੀ ਸੰਗ੍ਰਹਿ ‘ਸੁੱਚਾ ਗੁਲਾਬ’ ’ਤੇ ਗੰਭੀਰ ਸੰਵਾਦ ਰਚਾਇਆ ਜਾਵੇਗਾ।

ਪਰਵਾਸੀ ਸਰੋਕਾਰਾਂ ਅਤੇ ਮਾਨਵੀ ਸੰਵੇਦਨਾਵਾਂ ਨੂੰ ਪਰਣਾਏ ਇਸ ਸੰਗ੍ਰਹਿ ਬਾਰੇ ਮੁੱਖ ਪਰਚਾ ਪ੍ਰੋ. ਬਲਜਿੰਦਰ ਸਿੰਘ ਸਵੈਚ ਵੱਲੋਂ ਪੜ੍ਹਿਆ ਜਾਵੇਗਾ। ਇਨ੍ਹਾਂ ਕਹਾਣੀਆਂ ਦੀ ਵਿਲੱਖਣ ਸ਼ੈਲੀ ਅਤੇ ਵਿਗਿਆਨਿਕ ਦ੍ਰਿਸ਼ਟੀਕੋਣ ਜਿੱਥੇ ਸਮਾਜਿਕ ਕੁਰੀਤੀਆਂ ਦੀ ਨਿਸ਼ਾਨਦੇਹੀ ਕਰਦਾ ਹੈ, ਉੱਥੇ ਹੀ ਸੱਚੇ-ਸੁੱਚੇ ਮੋਹ-ਮੁਹੱਬਤ ਦੀਆਂ ਗੂੜ੍ਹੀਆਂ ਇਬਾਰਤਾਂ ਵੀ ਲਿਖਦਾ ਹੈ।

ਗੋਸ਼ਟੀ ਦੇ ਦੌਰਾਨ ਲੇਖਿਕਾ ਨਾਲ ਸਿੱਧਾ ਸੰਵਾਦ ਵੀ ਰਚਾਇਆ ਜਾਵੇਗਾ ਤਾਂ ਜੋ ਰਚਨਾ ਦੇ ਅੰਤਰੀਵ ਭਾਵਾਂ ਨੂੰ ਪਾਠਕਾਂ ਦੇ ਸਨਮੁੱਖ ਕੀਤਾ ਜਾ ਸਕੇ। ਸਮਾਗਮ ਦੇ ਦੂਜੇ ਪੜਾਅ ਵਿੱਚ ਕਾਵਿ-ਮਹਿਫ਼ਲ ਸਜਾਈ ਜਾਵੇਗੀ, ਜਿਸ ਵਿੱਚ ਚੋਟੀ ਦੇ ਸ਼ਾਇਰ ਆਪਣੀਆਂ ਕਲਾਮ ਨਾਲ਼ ਹਾਜ਼ਰੀ ਲਵਾਉਣਗੇ। ਦੁਪਹਿਰ ਦੇ ਪ੍ਰੀਤੀ-ਭੋਜਨ ਉਪਰੰਤ ਸੰਗੀਤਕ ਸੁਰਾਂ ਦੀ ਛਹਿਬਰ ਲੱਗੇਗੀ। ਇਸ ਸਾਹਿਤਕ ਇਕੱਤਰਤਾ ਵਿੱਚ ਕੈਲੀਫੋਰਨੀਆ ਦੇ ਨਾਮਵਰ ਚਿੰਤਕਾਂ ਅਤੇ ਸਾਹਿਤ ਪ੍ਰੇਮੀਆਂ ਦੇ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਉਮੀਦ ਹੈ।




## ਲਾਲਜੀਤ ਭੁੱਲਰ ਦਾ ਪੰਜ ਦਿਨਾ ਪੁਲੀਸ ਰਿਮਾਂਡ



**ਅੰਮ੍ਰਿਤਸਰ:** ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਅੱਜ ਇੱਥੇ ਪੁਲੀਸ ਵੱਲੋਂ ਅਦਾਲਤ ਵਿੱਚ ਪੇਸ਼ ਕੀਤਾ ਗਿਆ ਅਤੇ ਅਦਾਲਤ ਨੇ ਉਸ ਨੂੰ ਪੰਜ ਦਿਨਾਂ ਦੇ ਪੁਲੀਸ ਰਿਮਾਂਡ ’ਤੇ ਭੇਜ ਦਿੱਤਾ। ਉਸ ਨੂੰ ਕੱਲ੍ਹ ਮੰਡੀ ਗੋਬਿੰਦਗੜ੍ਹ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਦੌਰਾਨ ਪੰਜਾਬ ਸਟੇਟ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਜਿਨ੍ਹਾਂ ਕੋਈ ਜ਼ਹਿਰੀਲੀ ਚੀਜ਼ ਖਾ ਕੇ ਖੁਦਕੁਸ਼ੀ ਕਰ ਲਈ ਸੀ, ਦਾ ਅੱਜ ਸ਼ਾਮ ਨੂੰ ਸਸਕਾਰ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਕਾਰਜਕਾਰੀ ਮੈਜਿਸਟ੍ਰੇਟ ਦੀ ਨਿਗਰਾਨੀ ਹੇਠ ਮ੍ਰਿਤਕ ਦਾ ਪੋਸਟਮਾਰਟਮ ਕੀਤਾ ਗਿਆ।

ਭੁੱਲਰ ਦੇ ਹਮਾਇਤੀ ਵੀ ਇਸ ਮੌਕੇ ਵੱਡੀ ਗਿਣਤੀ ਵਿੱਚ ਪੁੱਜੇ ਹੋਏ ਸਨ ਜਿਨ੍ਹਾਂ ਉਸ ਦੇ ਹੱਕ ਵਿੱਚ ਨਾਅਰੇਬਾਜ਼ੀ ਕੀਤੀ।

A1 PROMOTIONS EST. 2004

A1PROMOTIONS.CA

Custom T Shirts, Hoodies, School Uniforms
Event & Tournament Packages, Trophy Awards
Large Variety Of Promotional Products




**A1 PROMOTIONS NEWTON**
13375-72 AVE SURREY
604-763-1500
sales@a1promotions.ca

**A1 PROMOTIONS HYLAND**
6638-152A Street Surrey
604-597-8356
sales152@a1promotions.ca

# ਦੁਨੀਆਂ ਦੇ ਅੱਧੇ ਦੇਸ਼ਾਂ ਵਿਚ ਸਥਿਤ ਸਕੂਲਾਂ ਅੰਦਰ ਮੋਬਾਈਲ ਫ਼ੋਨ ਵਰਤਣ 'ਤੇ ਪਾਬੰਦੀ



ਯੂਨੇਸਕੋ ਦੇ ਆਲਮੀ ਸਿਖਿਆ ਨਿਗਰਾਨ (ਜੀ.ਈ.ਐਮ.) ਟੀਮ ਦੀ ਤਾਜ਼ਾ ਰੀਪੋਰਟ ਅਨੁਸਾਰ, ਦੁਨੀਆਂ ਦੇ ਅੱਧ ਤੋਂ ਵੱਧ ਦੇਸ਼ਾਂ ਨੇ ਸਕੂਲਾਂ ਵਿਚ ਮੋਬਾਈਲ ਫੋਨਾਂ ਉਤੇ ਪਾਬੰਦੀ ਲਗਾ ਦਿਤੀ ਹੈ। ਇਹ ਕਦਮ ਜਮਾਤਾਂ ਵਿਚ ਧਿਆਨ ਘਟਣ, ਸਾਇਬਰਬੁਲਿੰਗ ਅਤੇ ਬੱਚਿਆਂ ਉਤੇ ਡਿਜੀਟਲ ਮਾਹੌਲ ਦੇ ਅਸਰ ਨੂੰ ਲੈ ਕੇ ਵਧ ਰਹੀਆਂ ਚਿੰਤਾਵਾਂ ਦੇ ਮੱਦੇਨਜ਼ਰ ਚੁਕਿਆ ਗਿਆ ਹੈ।

ਰੀਪੋਰਟ ਵਿਚ ਦਰਸਾਇਆ ਗਿਆ ਹੈ ਕਿ 114 ਸਿੱਖਿਆ ਪ੍ਰਣਾਲੀਆਂ ਨੇ ਪੂਰੇ ਦੇਸ਼ ਅੰਦਰ ਪਾਬੰਦੀ ਲਗਾਈ ਹੈ, ਜੋ ਕਿ ਦੁਨੀਆਂ ਦੇ 58 ਫੀ ਸਦੀ ਦੇਸ਼ਾਂ ਦੀ ਨੁਮਾਇੰਦਗੀ ਕਰਦਾ ਹੈ। 2023 ਵਿਚ ਇਹ ਅੰਕੜਾ ਸਿਰਫ਼ 24 ਫੀ ਸਦੀ ਸੀ, ਪਰ 2026 ਤਕ ਇਹ ਲਗਭਗ ਦੋ ਗੁਣਾ ਹੋ ਗਿਆ। ਇਕ ਸੀਨੀਅਰ ਜੀ.ਈ.ਐਮ. ਮੈਂਬਰ ਨੇ ਕਿਹਾ, ''ਇਹ ਵਾਧਾ ਦਰਸਾਉਂਦਾ ਹੈ ਕਿ ਜਮਾਤਾਂ ਵਿਚ ਧਿਆਨ ਘਟਣ ਅਤੇ ਸਾਇਬਰਬੁਲਿੰਗ ਨੂੰ ਲੈ ਕੇ ਚਿੰਤਾਵਾਂ ਕਿੰਨੀ ਤੇਜ਼ੀ ਨਾਲ ਵਧ ਰਹੀਆਂ ਹਨ। ਪਰ ਇਹ ਸਿਰਫ਼ ਪਾਬੰਦੀ ਦੀ ਕਹਾਣੀ ਨਹੀਂ ਹੈ, ਕਈ ਦੇਸ਼ ਸਕੂਲਾਂ ਨੂੰ ਅਪਣੇ ਨਿਯਮ ਬਣਾਉਣ ਦੀ ਆਜ਼ਾਦੀ ਵੀ ਦੇ ਰਹੇ ਹਨ।''

ਰੀਪੋਰਟ ਵਿਚ ਇਹ ਵੀ ਦਰਸਾਇਆ ਗਿਆ ਹੈ ਕਿ ਸੋਸ਼ਲ ਮੀਡੀਆ ਦਾ ਅਸਰ ਖਾਸ ਕਰ ਕੇ ਕੁੜੀਆਂ ਉਤੇ ਜ਼ਿਆਦਾ ਹੈ। ਫੇਸਬੁੱਕ ਦੀ ਅਪਣੀ ਖੋਜ ਅਨੁਸਾਰ ਹੀ, 32 ਫੀ ਸਦੀ ਨਾਬਾਲਗ ਕੁੜੀਆਂ ਨੇ ਇੰਸਟਾਗ੍ਰਾਮ ਵਰਤਣ ਤੋਂ ਬਾਅਦ ਅਪਣੇ ਸਰੀਰ ਬਾਰੇ ਹੋਰ ਮਾੜਾ ਮਹਿਸੂਸ ਕੀਤਾ। ਟਿਕਟਾਕ ਦੇ ਐਲਗੋਰਿਦਮ ਬਾਰੇ ਵੀ ਚੇਤਾਵਨੀ ਦਿਤੀ ਗਈ ਹੈ, ਜੋ ਹਰ 39 ਸਕਿੰਟ ਵਿਚ ਬਾਡੀ ਇਮੇਜ ਨਾਲ ਸੰਬੰਧਿਤ ਸਮੱਗਰੀ ਵਿਖਾਉਂਦਾ ਹੈ।

ਫਰਾਂਸ, ਆਸਟ੍ਰੇਲੀਆ ਅਤੇ ਪੁਰਤਗਾਲ ਵਰਗੇ ਦੇਸ਼ਾਂ ਵਿਚ ਸੋਸ਼ਲ ਮੀਡੀਆ ਉਤੇ ਵੀ ਬੱਚਿਆਂ ਲਈ ਨਿਯਮ ਬਣਾਉਣ ਦੀ ਚਰਚਾ ਜਾਰੀ ਹੈ। ਅਮਰੀਕਾ ਵਿਚ ਹਾਲਾਂਕਿ ਕੋਈ ਕੌਮੀ ਪਾਬੰਦੀ ਨਹੀਂ ਹੈ, ਪਰ 39 ਸੂਬਿਆਂ ਨੇ ਸਕੂਲ ਜ਼ਿਲ੍ਹਿਆਂ ਨੂੰ ਨੀਤੀਆਂ ਬਣਾਉਣ ਲਈ ਕਾਨੂੰਨ ਲਾਗੂ ਕੀਤੇ ਹਨ। ਇਹ ਰੀਪੋਰਟ ਸਪੱਸ਼ਟ ਕਰਦੀ ਹੈ ਕਿ ਬੱਚਿਆਂ ਦੀ ਭਾਵਨਾਤਮਕ ਤੰਦਰੁਸਤੀ ਅਤੇ ਸਿੱਖਿਆ ਵਿਚ ਸਫਲਤਾ ਲਈ ਡਿਜੀਟਲ ਵਰਤੋਂ ਉਤੇ ਕੰਟਰੋਲ ਬਹੁਤ ਜ਼ਰੂਰੀ ਹੈ।



# ਚੰਗੀ ਸਿਹਤ ਲਈ ਰੋਜ਼ਾਨਾ ਖਾਉ ਕੇਲੇ

ਚੰਗੀ ਸਿਹਤ ਲਈ ਸਾਨੂੰ ਰੋਜ਼ਾਨਾ ਕੇਲਾ ਖਾਣਾ ਚਾਹੀਦਾ ਹੈ। ਕੇਲੇ ਵਿਚ ਪੌਸ਼ਟਿਕ ਤੱਤ ਮੌਜੂਦ ਹੁੰਦੇ ਹਨ। ਖਾਣਾ ਖਾਣ ਤੋਂ ਬਾਅਦ ਤੁਸੀਂ ਕੇਲੇ ਨੂੰ ਅਪਣੀ ਖ਼ੁਰਾਕ ਵਿਚ ਸ਼ਾਮਲ ਕਰ ਸਕਦੇ ਹੋ, ਤਾਂ ਜੋ ਦਿਨ ਵਿਚ ਕੰਮ ਕਰਨ ਲਈ ਸਰੀਰ ਵਿਚ ਕਾਫ਼ੀ ਊਰਜਾ ਰਹੇ।

ਕੇਲੇ ਵਿਚ ਬਹੁਤ ਸਾਰੇ ਮਹੱਤਵਪੂਰਣ ਪੌਸ਼ਟਿਕ ਤੱਤ ਹੁੰਦੇ ਹਨ। ਜਿਵੇਂ ਕਿ ਪ੍ਰੋਟੀਨ, ਕਾਰਬੋਹਾਈਡੇਰਟ, ਫ਼ਾਈਬਰ, ਕੈਲਸ਼ੀਅਮ, ਆਇਰਨ, ਮੈਗਨੀਸ਼ੀਅਮ, ਪੋਟਾਸ਼ੀਅਮ ਸੋਡੀਅਮ, ਵਿਟਾਮਿਨ ਸੀ, ਫ਼ੋਲੇਟ, ਵਿਟਾਮਿਨ ਈ, ਜੋ ਤੁਹਾਡੇ ਸਰੀਰ ਨੂੰ ਦਿਨ ਭਰ ਕੰਮ ਕਰਨ ਲਈ ਸੱਭ ਤੋਂ ਵਧੀਆ ਊਰਜਾ ਪ੍ਰਦਾਨ ਕਰ ਸਕਦੇ ਹਨ। ਕੇਲੇ ਵਿਚ ਵਿਟਾਮਿਨ ਸੀ, ਵਿਟਾਮਿਨ ਬੀ ਅਤੇ ਵਿਟਾਮਿਨ ਈ ਤੁਹਾਡੇ ਦਿਮਾਗ਼ ਦੀ ਕੁਸ਼ਲਤਾ ਨੂੰ ਵਧਾਉਂਦੇ ਹਨ।

ਕੇਲੇ ਦਾ ਸੇਵਨ ਕਰਨ ਨਾਲ ਤੁਹਾਡੇ ਦਿਮਾਗ਼ ਦੀ ਗਤੀਵਿਧੀ ਤੇਜ਼ੀ ਨਾਲ ਕੰਮ ਕਰੇਗੀ ਅਤੇ ਕੰਮ ਕਰਦਿਆਂ ਤੁਹਾਡਾ ਦਿਮਾਗ਼ ਵੀ ਕੰਮ ਕਰੇਗਾ। ਕੇਲੇ ਦਾ ਸੇਵਨ ਚਮੜੀ ਲਈ ਵੀ ਚੰਗਾ ਹੈ ਕਿਉਂਕਿ ਇਸ ਵਿਚ ਮੈਗਨੀਸ਼ੀਅਮ ਹੁੰਦਾ ਹੈ।

ਵਿਟਾਮਿਨ ਸੀ ਚਮੜੀ ਨੂੰ ਚਿੱਟਾ ਕਰਨ ਲਈ ਐਂਟੀਆਕਸੀਡੈਂਟ ਵਜੋਂ ਵੀ ਕੰਮ ਕਰ ਸਕਦਾ ਹੈ। ਕੇਲੇ ਵਿਚ ਮੌਜੂਦ ਪੋਟਾਸ਼ੀਅਮ ਉਨ੍ਹਾਂ ਲਈ ਵੀ ਬਹੁਤ ਮਦਦਗਾਰ ਹੋ ਸਕਦਾ ਹੈ ਜਿਨ੍ਹਾਂ ਨੂੰ ਦਿਲ ਨਾਲ ਸਬੰਧਤ ਸਿਹਤ ਸਮੱਸਿਆਵਾਂ ਹਨ।


**REAL PLUMBING**

EMERGENCY SERVICE
7 DAYS A WEEK

FAST SERVICE

HOT WATER TANKS
SOLD - SERVICED
AND REMOVED

ਕਿਸੇ ਵੀ ਤਰ੍ਹਾਂ ਦੀ ਪਲੰਬਿੰਗ ਦੀ ਪ੍ਰੋਬਲਮ ਹੈ ਤਾਂ ਫੋਨ ਕਰੋ

ਸਤਵਿੰਦਰ ਰੀਹਲ

Satwinder Reehal

604-327-5096



**RIGHTWAY PAINTING**

ਵਧੀਆ ਕੰਮ-ਵਾਜਿਬ ਕੀਮਤ

Commercial & Residential
GENERAL PAINT
THE PAINT EXPERTS
QUALITY WORKMANSHIP

- Stucco Painting
- Driveway Sealing
- Power Washing
- Repaint Job

ਹਰ ਤਰ੍ਹਾਂ ਦੀ ਪੇਂਟ ਜੋਬ ਲਈ ਜਸਬੀਰ ਭੰਡਾਲ ਨੂੰ ਫੋਨ ਕਰੋ।

JASVIR BHANDAL

604-834-4335 <> 604-581-5759



Become a *Healthcare* hero

Graduate In Under **6 Months** with an average hourly wage of **$27/hr***

WCC
WESTERN COMMUNITY COLLEGE

# HEALTH CARE ASSISTANT

## PROGRAM

## START YOUR **HCA JOURNEY**

The Health Care Assistant Program is designed to provide students with opportunities to develop the knowledge, skills, and attitudes necessary to function effectively as front-line caregivers and members of the healthcare team.

**MORNING | EVENING**
SCHEDULES

**FINANCIAL AID**
AVAILABLE

**97%**
**GRADUATE**
EMPLOYMENT RATE

**$27***
**HOURLY WAGE**
AVERAGE

SURREY | ABBOTSFORD 604.594.3500 WCC.CA/HCA

# ਕੈਂਸਰ ਦਾ ਵਧਦਾ ਪ੍ਰਕੋਪ

ਕੇਂਦਰੀ ਸਿਹਤ ਮੰਤਰਾਲੇ ਵੱਲੋਂ ਕੈਂਸਰ ਨਾਲ ਹੋ ਰਹੀਆਂ ਮੌਤਾਂ ਦੇ ਸੰਸਦ 'ਚ ਪੇਸ਼ ਕੀਤੇ ਅੰਕੜੇ ਦਿਲ ਨੂੰ ਦਹਿਲਾ ਦੇਣ ਵਾਲੇ ਹਨ। ਭਾਰਤ ਵਿੱਚੋਂ ਸਭ ਤੋਂ ਬੁਰੀ ਤਰ੍ਹਾਂ ਪੰਜਾਬ ਕੈਂਸਰ ਦੀ ਲਪੇਟ ਵਿਚ ਆਇਆ ਹੈ। ਪੰਜਾਬ ਵਿਚ ਇਹ ਲਾਇਲਾਜ ਤੇ ਨਾਮੁਰਾਦ ਬਿਮਾਰੀ ਕਹਿਰ ਢਾਹੁਣ ਲੱਗੀ ਹੈ। ਸਾਲ 2025 ਵਿਚ ਇਸ ਰੋਗ ਨਾਲ ਹੋ ਰਹੀਆਂ ਮੌਤਾਂ ਅਤੇ ਮਰੀਜ਼ਾਂ ਦੀ ਗਿਣਤੀ ਵਧੀ ਹੈ। ਬੀਤੇ ਸਾਲ ਦੌਰਾਨ ਕੈਂਸਰ ਨਾਲ ਹਰ ਰੋਜ਼ 68 ਲੋਕ ਮੌਤ ਦੇ ਮੂੰਹ ਵਿਚ ਚਲੇ ਜਾਂਦੇ ਰਹੇ ਹਨ।



ਪੂਰਾ ਮੁਲਕ ਵੀ ਕੈਂਸਰ ਦੀ ਮਾਰ ਤੋਂ ਬਚ ਨਹੀਂ ਸਕਿਆ ਹੈ। ਭਾਰਤ ਵਿਚ ਹਰ ਰੋਜ਼ ਕੈਂਸਰ ਨਾਲ 2380 ਮੌਤਾਂ ਹੋ ਰਹੀਆਂ ਹਨ। ਉੱਤਰ ਪ੍ਰਦੇਸ਼ ਵਿਚ ਸਭ ਤੋਂ ਵੱਧ ਰੋਜ਼ਾਨਾ ਔਸਤਨ 343 ਲੋਕ ਕੈਂਸਰ ਨਾਲ ਮੌਤ ਦੇ ਮੂੰਹ ਵਿਚ ਜਾ ਰਹੇ ਹਨ। ਰਿਪੋਰਟ ਮੁਤਾਬਕ ਪੰਜਾਬ ਵਿਚ ਕੈਂਸਰ ਹਰ ਰੋਜ਼ 68, ਹਰਿਆਣਾ ਵਿਚ 50 ਲੋਕਾਂ ਨੂੰ ਨਿਗਲ ਰਿਹਾ ਹੈ। ਸੰਸਦ ਵਿਚ ਰੱਖੇ ਗਏ ਅੰਕੜਿਆਂ ਮੁਤਾਬਕ ਪਿਛਲੇ ਸਾਲ ਭਾਰਤ ਭਰ ਵਿਚ ਕੈਂਸਰ ਦੇ 15,69,793 ਨਵੇਂ ਕੇਸ ਸਾਹਮਣੇ ਆਏ ਜਦਕਿ 5,68,548 ਮੌਤਾਂ ਹੋਈਆਂ। ਸਾਲ 2025 'ਚ ਪੰਜਾਬ ਵਿਚ ਕੈਂਸਰ ਦੇ ਨਵੇਂ 43196 ਮਰੀਜ਼ ਸਾਹਮਣੇ ਆਏ ਸਨ।

ਜਦਕਿ ਉਸੇ ਸਾਲ 24,886 ਮੌਤਾਂ ਹੋਈਆਂ। ਹਰਿਆਣਾ ਵਿਚ ਕੈਂਸਰ ਦੇ ਨਵੇਂ ਮਰੀਜ਼ਾਂ ਦੀ ਗਿਣਤੀ 33,395 ਦੱਸੀ ਗਈ ਹੈ ਜਦਕਿ 18987 ਮੌਤਾਂ ਹੋਈਆਂ ਸਨ। ਉੱਤਰ ਪ੍ਰਦੇਸ਼ ਦੀ ਗੱਲ ਕਰੀਏ ਤਾਂ ਸਾਲ 2020 'ਚ ਕੈਂਸਰ ਦੇ 2,26,125 ਨਵੇਂ ਮਰੀਜ਼ਾਂ ਦਾ ਪਤਾ ਲੱਗਿਆ ਜਦਕਿ 1,25,184 ਮਰੀਜ਼ ਮੌਤ ਦੇ ਮੂੰਹ ਵਿਚ ਜਾ ਪਏ ਸਨ। ਸਿਹਤ ਮੰਤਰਾਲੇ ਵੱਲੋਂ ਪਾਰਲੀਮੈਂਟ ਵਿਚ ਰੱਖੀ ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਸਾਲ 2021 'ਚ ਪੰਜਾਬ ਵਿਚ 39,251 ਕੈਂਸਰ ਦੇ ਨਵੇਂ ਮਰੀਜ਼ ਇਲਾਜ ਲਈ ਸਾਹਮਣੇ ਆਏ ਸਨ ਜਦਕਿ 2025 ਵਿਚ ਨਵੇਂ ਕੇਸਾਂ ਦੀ ਗਿਣਤੀ 43,196 ਦੱਸੀ ਗਈ ਹੈ।

ਹਰਿਆਣਾ ਵਿਚ ਇਹ ਗਿਣਤੀ ਕ੍ਰਮਵਾਰ 30,115 ਅਤੇ 33,395 ਦੱਸੀ ਗਈ ਹੈ। ਹਿਮਾਚਲ ਪ੍ਰਦੇਸ਼ ਦੀ ਗੱਲ ਕਰੀਏ ਤਾਂ 2021 ਵਿਚ 5382 ਨਵੇਂ ਕੇਸ ਸਾਹਮਣੇ ਆਏ ਸਨ ਜਦਕਿ 2025 'ਚ ਨਵੇਂ ਮਰੀਜ਼ਾਂ ਦੀ ਗਿਣਤੀ 9701 ਸੀ। ਇੰਡੀਅਨ ਮੈਡੀਕਲ ਕੌਂਸਲ ਆਫ ਮੈਡੀਕਲ ਰਿਸਰਚ ਦੇ ਅਧਿਐਨ ਨੇ ਵੀ ਪੰਜਾਬ ਵਿਚ ਛਾਤੀ ਦੇ ਕੈਂਸਰ ਨਾਲ ਸਭ ਤੋਂ ਵੱਧ ਮੌਤਾਂ ਹੋਣ ਦੀ ਪੁਸ਼ਟੀ ਕੀਤੀ ਹੈ। ਸਾਲ 2021 'ਚ ਛਾਤੀ ਦੇ ਕੈਂਸਰ ਨਾਲ 22786 ਮੌਤਾਂ ਹੋਈਆਂ ਸਨ ਜਦਕਿ 2024 'ਚ ਇਹ ਗਿਣਤੀ 24369 ਦੱਸੀ ਗਈ ਸੀ।

ਸਾਲ 2025 'ਚ ਛਾਤੀ ਦੇ ਕੈਂਸਰ ਨਾਲ 2486 ਔਰਤਾਂ ਦੀ ਮੌਤ ਹੋਈ। ਹਰਿਆਣਾ 'ਚ ਕੈਂਸਰ ਨਾਲ 2021 'ਚ 16543 ਮੌਤਾਂ ਹੋਈਆਂ ਸਨ ਜਦਕਿ 2025 ਵਿਚ 18387 ਮੌਤਾਂ ਦੱਸੀਆਂ ਗਈਆਂ। ਹਿਮਾਚਲ ਪ੍ਰਦੇਸ਼ ਦੀ ਗੱਲ ਕਰੀਏ ਤਾਂ ਸਾਲ 2024 'ਚ ਕੈਂਸਰ ਨਾਲ 9373 ਮੌਤਾਂ ਹੋਈਆਂ ਜਦਕਿ 2021 'ਚ ਇਹ ਅੰਕੜਾ 9164 ਸੀ। ਬੀਤੇ ਸਾਲ ਕੈਂਸਰ ਨਾਲ ਹੋਈਆਂ ਮੌਤਾਂ ਦੀ ਗਿਣਤੀ 9761 ਦੱਸੀ ਗਈ ਹੈ। ਚੰਡੀਗੜ੍ਹ ਛੋਟਾ ਜਿਹਾ ਕੇਂਦਰ ਸ਼ਾਸਿਤ ਪ੍ਰਦੇਸ਼ ਹੈ। ਇੱਥੇ ਵੀ 2021 'ਚ ਕੈਂਸਰ ਨਾਲ 582 ਮੌਤਾਂ ਹੋਈਆਂ ਸਨ ਜਦਕਿ 2025 ਵਿਚ ਕੈਂਸਰ ਨੇ 644 ਲੋਕਾਂ ਨੂੰ ਨਿਗਲਿਆ ਸੀ। ਚੰਡੀਗੜ੍ਹ ਵਿਚ ਬੀਤੇ ਸਾਲ ਕੈਂਸਰ ਦੇ 1183 ਮਰੀਜ਼ ਸਾਹਮਣੇ ਆਏ ਹਨ ਜਦਕਿ 2021 ਵਿਚ ਇਹ ਗਿਣਤੀ 1053 ਸੀ। ਭਾਰਤ ਵਿਚ 2021 ਨੂੰ ਉਕਤ ਰੋਗ ਦੇ ਨਵੇਂ 14,26,447 ਮਰੀਜ਼ਾਂ ਦਾ ਪਤਾ ਲੱਗਾ ਸੀ ਜਦਕਿ 2025 'ਚ ਇਸ ਦੇ ਨਵੇਂ ਮਰੀਜ਼ਾਂ ਦੀ ਗਿਣਤੀ 15,69,793 ਦੱਸੀ ਗਈ ਸੀ। ਪੰਜ ਸਾਲਾਂ ਵਿਚ ਇਕ ਲੱਖ 43, ਕੇਸਾਂ ਦਾ ਵਾਧਾ ਹੋਇਆ ਹੈ। ਕੈਂਸਰ ਨਾਲ ਪਿਛਲੇ ਸਾਲ 8,68,588 ਮੌਤਾਂ ਹੋਈਆਂ ਸਨ ਜਦਕਿ 2021 'ਚ ਇਸ ਕਾਰਨ ਹੋਣ ਵਾਲੀਆਂ ਮੌਤਾਂ ਦੀ ਗਿਣਤੀ 7,89,202 ਦੱਸੀ ਗਈ ਸੀ। ਉੱਤਰ ਪ੍ਰਦੇਸ਼ ਭਾਰਤ ਦੇ ਵੱਡੇ ਸੂਬਿਆਂ ਵਿੱਚੋਂ ਇਕ ਹੈ ਤੇ ਉੱਥੇ ਕੈਂਸਰ ਦਾ ਕਹਿਰ ਵੀ ਜ਼ਿਆਦਾ ਦਿਸ ਰਿਹਾ ਹੈ। ਯੂਪੀ ਵਿਚ ਪਿਛਲੇ ਸਾਲ ਕੈਂਸਰ ਨਾਲ 2,26,125 ਮੌਤਾਂ ਹੋਈਆਂ ਸਨ।

ਉਸ ਤੋਂ ਬਾਅਦ ਕੈਂਸਰ ਨਾਲ ਸਭ ਤੋਂ ਵੱਧ ਮਹਾਰਾਸ਼ਟਰ ਵਿਚ 1,30,465, ਪੱਛਮੀ ਬੰਗਾਲ ਵਿਚ 1,21,639, ਬਿਹਾਰ ਵਿਚ 1,18 ,136 ਤੇ ਤਮਿਲਨਾਡੂ 'ਚ 1,00,937 ਮੌਤਾਂ ਹੋਈਆਂ ਸਨ। ਹੈਰਾਨੀ ਦੀ ਗੱਲ ਇਹ ਹੈ ਕਿ ਯੂਪੀ 'ਚ ਬਿਹਾਰ ਨਾਲੋਂ ਵੀ 1,25,124 ਵੱਧ ਮੌਤਾਂ ਹੋਈਆਂ ਸਨ। ਕੇਂਦਰੀ ਜਨ ਸਿਹਤ ਮੰਤਰੀ ਨੇ ਮੁਲਕ ਭਰ ਵਿਚ ਕੈਂਸਰ ਨਾਲ ਵਧ ਰਹੀਆਂ ਮੌਤਾਂ ਅਤੇ ਕੇਸਾਂ ਨੂੰ ਲੈ ਕੇ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਨੇ ਇਹ ਵੀ ਦਾਅਵਾ ਕੀਤਾ ਕਿ ਕੈਂਸਰ ਨਾਲ ਸਬੰਧਤ ਅੰਕੜੇ ਮੈਡੀਕਲ ਜਰਨਲਾਂ ਵਿਚ ਸਮੇਂ-ਸਮੇਂ 'ਤੇ ਛਪਦੇ ਰਹੇ ਹਨ।

ਕੈਂਸਰ ਮਹਾਮਾਰੀ ਦੀ ਤਰ੍ਹਾਂ ਫੈਲਣ ਲੱਗਾ ਹੈ। ਬਠਿੰਡਾ ਤੋਂ ਬੀਕਾਨੇਰ ਨੂੰ ਜਾਣ ਵਾਲੀ ਗੱਡੀ ਦਾ ਨਾਂ ਹੀ ਕੈਂਸਰ ਟਰੇਨ ਪੈ ਗਿਆ ਹੈ। ਪੰਜਾਬ ਦੇ ਮਾਲਵਾ ਖੇਤਰ ਨੂੰ ਕੈਂਸਰ ਨੇ ਸਭ ਤੋਂ ਪਹਿਲਾਂ ਆਪਣੀ ਮਾਰ ਹੇਠ ਤੇਜ਼ੀ ਨਾਲ ਲਿਆ ਸੀ ਪਰ ਹੁਣ ਦੁਆਬਾ ਤੇ ਮਾਝਾ ਵੀ ਇਸ ਦੀ ਜਕੜ ਵਿਚ ਆਉਣ ਲੱਗੇ ਹਨ। ਪੰਜਾਬ ਵਿਚ ਔਰਤਾਂ ਨੂੰ ਛਾਤੀ ਦੇ ਕੈਂਸਰ ਦੀ ਮਾਰ ਸਭ ਤੋਂ ਵੱਧ ਪੈਣ ਲੱਗੀ ਹੈ। ਬੱਚੇਦਾਨੀ ਦਾ ਕੈਂਸਰ ਦੂਜੇ ਨੰਬਰ ਦੀ ਤੇਜ਼ੀ ਨਾਲ ਫੈਲਦੀ ਬਿਮਾਰੀ ਦੱਸਿਆ ਜਾਣ ਲੱਗਾ ਹੈ।

ਪੁਰਸ਼ਾਂ ਵਿਚ ਗਦੂਦਾਂ ਅਤੇ ਗਲੇ ਦਾ ਕੈਂਸਰ ਜ਼ਿਆਦਾ ਸੀ ਪਰ ਹੁਣ ਜਿਗਰ ਦਾ ਕੈਂਸਰ ਵੀ ਤੇਜ਼ੀ ਨਾਲ ਘੇਰਨ ਲੱਗਾ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਕੈਂਸਰ ਦਾ ਇਲਾਜ ਸੰਭਵ ਤਾਂ ਹੈ ਪਰ ਬਦਕਿਸਮਤੀ ਇਹ ਕਿ ਕਈ ਮਰੀਜ਼ ਨੂੰ ਇਸ ਦਾ ਆਖ਼ਰੀ ਸਟੇਜ 'ਤੇ ਹੀ ਪਤਾ ਲੱਗਦਾ ਹੈ। ਦੂਸ਼ਿਤ ਪਾਣੀ, ਪਲੀਤ ਵਾਤਾਵਰਨ, ਕੀਟਨਾਸ਼ਕ ਦਵਾਈਆਂ ਦੀ ਅੰਨ੍ਹੇਵਾਹ ਵਰਤੋ ਕੈਂਸਰ ਦੀ ਬਿਮਾਰੀ ਦੇ ਤੇਜ਼ੀ ਨਾਲ ਫੈਲਣ ਦੀ ਵਜ੍ਹਾ ਬਣ ਰਹੇ ਹਨ।

**ਮਲਜੀਤ ਸਿੰਘ ਬਨਵੈਤ**

# ਬੱਚਿਆਂ ਨੂੰ ਮੁੱਢ ਤੋਂ ਦਿੱਤੀ ਜਾਵੇ ਚੰਗੇ ਗੁਣਾਂ ਦੀ ਸਿੱਖਿਆ

ਦੁਨੀਆ 'ਚ ਮਨੁੱਖ ਕੋਲ ਜੇ ਸਾਰੇ ਸਾਧਨ ਹਨ ਪਰ ਆਦਰਸ਼ ਚਰਿੱਤਰ ਨਹੀਂ ਹੈ ਤਾਂ ਸਭ ਫ਼ਜ਼ੂਲ ਹੈ। ਚਰਿੱਤਰ ਸ਼ਖ਼ਸੀਅਤ ਨੂੰ ਉਭਾਰਦਾ, ਮਨ ਨੂੰ ਉੱਜਵਲ ਕਰਦਾ ਤੇ ਜੀਵਨ ਨੂੰ ਸੰਵਾਰਦਾ ਹੈ। ਚਰਿੱਤਰ ਦੇ ਅਸਰ ਅਧੀਨ ਹੀ ਲੋਕ ਮਿੱਤਰ ਬਣਦੇ ਹਨ। ਵਿਅਕਤੀ ਨੂੰ ਯੋਗਤਾ ਦੀ ਵਜ੍ਹਾ ਨਾਲ ਸਫਲਤਾ ਮਿਲਦੀ ਹੈ ਤੇ ਉਸ ਸਫਲਤਾ ਦੀ ਸਾਂਭ-ਸੰਭਾਲ ਚਰਿੱਤਰ ਨਾਲ ਸੰਭਵ ਹੈ। ਅੰਗਰੇਜ਼ੀ ਵਿਦਵਾਨ ਬਿਲੀ ਗ੍ਰਾਹਮ ਚਰਿੱਤਰ ਬਾਰੇ ਲਿਖਦੇ ਹਨ :-

**ਜਦੋਂ ਦੌਲਤ ਗੁਆਚ ਜਾਂਦੀ ਹੈ, ਕੁਝ ਨਹੀਂ ਗੁਆਚਦਾ,**

**ਜਦੋਂ ਸਿਹਤ ਗੁਆਚ ਜਾਂਦੀ ਹੈ, ਕੁਝ ਗੁਆਚ ਜਾਂਦਾ ਹੈ,**

**ਜਦੋਂ ਚਰਿੱਤਰ ਗੁਆਚ ਜਾਂਦਾ ਹੈ ਤਾਂ ਸਭ ਕੁਝ ਗੁਆਚ ਜਾਂਦਾ ਹੈ।**

**ਅੱਜ ਦੀ ਮਹੱਤਵਪੂਰਨ ਲੋੜ**

ਜੇ ਸਫਲ ਵਿਅਕਤੀ ਆਪਣੇ ਚਰਿੱਤਰ ਨੂੰ ਨਹੀਂ ਨਿਖਾਰਦੇ ਤਾਂ ਉਨ੍ਹਾਂ ਦੀ ਸਫਲਤਾ ਸਥਾਈ ਨਹੀਂ ਰਹਿੰਦੀ। ਇਸ ਲਈ ਜੀਵਨ 'ਚ ਚਰਿੱਤਰ ਨੂੰ ਸੁਧਾਰਨਾ ਹੀ ਮਨੁੱਖ ਦਾ ਪਰਮ ਟੀਚਾ ਹੋਣਾ ਚਾਹੀਦਾ ਹੈ। ਅਸੀਂ ਚਾਹੇ ਕਿਸੇ ਵੀ ਖੇਤਰ 'ਚ ਸਰਗਰਮ ਹੋਈਏ, ਸਾਨੂੰ ਆਪਣਾ ਚਰਿੱਤਰ ਬਣਾ ਕੇ ਅਤੇ ਬਚਾ ਕੇ ਰੱਖਣਾ ਚਾਹੀਦਾ ਹੈ। ਗਿਆਨ ਤੋਂ ਬਿਨਾਂ ਚਰਿੱਤਰ ਦਾ ਨਿਰਮਾਣ ਨਹੀਂ ਹੋ ਸਕਦਾ।

ਇਸ ਲਈ ਸਿੱਖਿਆ ਦੇ ਨਾਲ-ਨਾਲ ਚਰਿੱਤਰ ਨਿਰਮਾਣ ਅੱਜ ਦੀ ਮਹੱਤਵਪੂਰਨ ਲੋੜ ਹੈ। ਜਿੰਨਾ ਚਿਰ ਹਰ ਵਿਅਕਤੀ ਆਦਰਸ਼ ਮਨੁੱਖ ਨਹੀਂ ਬਣ ਜਾਂਦਾ, ਓਨਾ ਚਿਰ ਆਦਰਸ਼ ਸਮਾਜ ਦੀ ਸਿਰਜਣਾ ਹੋਣੀ ਸੰਭਵ ਨਹੀਂ ਹੈ। ਸਮਾਜ 'ਚ ਦਿਨੋਂ-ਦਿਨ ਨਿਖਾਰ ਦੀ ਥਾਂ ਨਿਘਾਰ ਆ ਰਿਹਾ ਹੈ। ਸਮਾਜ ਵਿਚ ਈਰਖਾ, ਮੂਰਖਤਾ, ਹੰਕਾਰ, ਖ਼ੁਦਗਰਜ਼ੀ, ਅਗਿਆਨਤਾ ਆਦਿ ਅਮਾਨਵੀ ਕਦਰਾਂ- ਕੀਮਤਾਂ ਦਾ ਬੋਲਬਾਲਾ ਹੈ। ਇਸ ਲਈ ਬੱਚੇ ਨੂੰ ਮੁੱਢ ਤੋਂ ਹੀ ਚੰਗੇ ਸੰਸਕਾਰ ਦਿੱਤੇ ਜਾਣੇ ਚਾਹੀਦੇ ਹਨ।

**ਦੇਸ਼ ਦਾ ਭਵਿੱਖ ਹੁੰਦੇ ਬੱਚੇ**

ਬੱਚੇ ਦੇ ਚਰਿੱਤਰ ਨਿਰਮਾਣ ਦਾ ਪਹਿਲਾ ਸਿੱਖਿਅਕ ਕੇਂਦਰ ਮਾਪੇ, ਦੂਜਾ ਸਕੂਲ ਤੇ ਤੀਜਾ ਧਾਰਮਿਕ ਸੰਸਥਾਵਾਂ ਹਨ। ਬੱਚੇ ਦੇਸ਼ ਦਾ ਭਵਿੱਖ ਹੁੰਦੇ ਹਨ। ਮਨੁੱਖ ਦਾ ਅਸਲੀ ਸਰਮਾਇਆ ਬੱਚੇ ਹੀ ਹੁੰਦੇ ਹਨ। ਬੱਚੇ ਦੇ ਚਰਿੱਤਰ ਨਿਰਮਾਣ 'ਚ ਪਰਿਵਾਰ ਦਾ ਅਹਿਮ ਯੋਗਦਾਨ ਹੁੰਦਾ ਹੈ।

ਸਭ ਤੋਂ ਪਹਿਲਾਂ ਮਾਤਾ-ਪਿਤਾ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਸ਼ੁਰੂ ਤੋਂ ਹੀ ਚੰਗੇ ਗੁਣਾਂ ਦੀ ਸਿੱਖਿਆ ਦੇਣ ਭਾਵ ਚੰਗੇ ਸੰਸਕਾਰ ਪੈਦਾ ਕਰਨ।

ਉਨ੍ਹਾਂ ਨੂੰ ਸਦਾਚਾਰਕ ਗੁਣਾਂ ਦੀ ਸਿੱਖਿਆ ਦੇਣ, ਸਦਾ ਸੱਚ ਬੋਲਣਾ, ਝੂਠ ਨਾ ਬੋਲਣਾ, ਕਿਸੇ ਦਾ ਬੁਰਾ ਨਾ ਕਰਨਾ, ਕਿਸੇ ਦਾ ਦਿਲ ਨਾ ਦੁਖਾਉਣਾ, ਕਿਸੇ ਨਾਲ ਧੋਖਾ ਨਾ ਕਰਨਾ, ਭੈੜੀ ਸੰਗਤ ਤੋਂ ਬਚਣਾ, ਕਿਸੇ ਦਾ ਹੱਕ ਨਾ ਖੋਹਣਾ, ਇਸ ਤੋਂ ਇਲਾਵਾ ਦੂਜਿਆਂ ਨੂੰ ਪਿਆਰ-ਸਤਿਕਾਰ ਦੇਣਾ, ਕ੍ਰੋਧ, ਕਾਮ, ਲੋਭ, ਈਰਖਾ ਤੇ ਅਹੰਕਾਰ ਦਾ ਤਿਆਗ ਕਰਨਾ, ਨਿਮਰਤਾ, ਹਮਦਰਦੀ, ਸਹਿਣਸ਼ੀਲਤਾ, ਦਇਆ, ਸਬਰ-ਸੰਤੋਖ ਦੇ ਧਾਰਨੀ ਹੋਣਾ ਇਹ ਸਭ ਕੁਝ ਬੱਚਾ ਘਰ ਤੋਂ ਹੀ ਸਿੱਖਦਾ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪ ਪਹਿਲਾਂ ਉਪਰੋਕਤ ਗੁਣਾਂ ਦੇ ਧਾਰਨੀ ਬਣਨ, ਤਾਂ ਜੋ ਉਨ੍ਹਾਂ ਪਾਸੋਂ ਬੱਚੇ ਸੇਧ ਲੈ ਕੇ ਆਪਣਾ ਜੀਵਨ ਸੁਚੱਜਾ ਬਣਾ ਸਕਣ।

**ਰਿਸ਼ਤਿਆਂ ਬਾਰੇ ਦਿਉ ਜਾਣਕਾਰੀ**

ਬੱਚਿਆਂ ਦਾ ਮਨ ਕੋਰਾ ਕਾਗਜ਼ ਹੈ। ਉਸ ਉੱਤੇ ਜਿਸ ਤਰ੍ਹਾਂ ਦੇ ਵਿਚਾਰ ਲਿਖੇ ਜਾਣਗੇ, ਉਸੇ ਤਰ੍ਹਾਂ ਹੀ ਉਨ੍ਹਾਂ ਦੀ ਸ਼ਖ਼ਸੀਅਤ ਦਾ ਵਿਕਾਸ ਹੋਵੇਗਾ। ਪਰਿਵਾਰ ਵਿਚ ਰਹਿ ਕੇ ਬੱਚਾ ਸੱਭਿਆਚਾਰਕ ਗਤੀਵਿਧੀਆਂ ਵਿਚ ਹਿੱਸਾ ਲੈਂਦਾ ਹੈ।

ਮਾਪਿਆਂ ਦਾ ਫ਼ਰਜ਼ ਬਣਦਾ ਹੈ ਕਿ ਬੱਚਿਆਂ ਨੂੰ ਆਪਣੇ ਸੱਭਿਆਚਾਰ ਨਾਲ ਜੋੜਿਆ ਜਾਵੇ ਤੇ ਪਰਿਵਾਰਕ ਰਿਸ਼ਤਿਆਂ ਬਾਰੇ ਜਾਣਕਾਰੀ ਮੁੱਢ ਤੋਂ ਹੀ ਦਿੱਤੀ ਜਾਵੇ। ਮਾਪੇ ਬੱਚਿਆਂ ਨੂੰ ਮੋਬਾਈਲ ਦੀ ਵਰਤੋਂ ਦੀ ਜਗ੍ਹਾ ਚੰਗੀਆਂ ਕਿਤਾਬਾਂ ਪੜ੍ਹਨ ਦੀ ਆਦਤ ਪਾਉਣ। ਬੱਚਿਆਂ ਦੀਆਂ ਸਮੱਸਿਆਵਾਂ ਹੱਲ ਕਰਨ ਦੀ ਕੋਸ਼ਿਸ਼ ਦੇ ਨਾਲ-ਨਾਲ ਉਨ੍ਹਾਂ ਨੂੰ ਅਨੁਸ਼ਾਸਨ 'ਚ ਰਹਿਣ ਲਈ ਪ੍ਰੇਰਿਤ ਕਰਦੇ ਰਹਿਣ।

**ਸਕੂਲ ਨਿਭਾਉਂਦਾ ਅਹਿਮ ਭੂਮਿਕਾ**

ਇਸੇ ਤਰ੍ਹਾਂ ਬੱਚੇ ਦਾ ਦੂਜਾ ਸਿੱਖਿਆ ਕੇਂਦਰ ਸਕੂਲ ਹੈ। ਬੱਚੇ ਲਈ ਸਕੂਲ ਦਾ ਵਾਤਾਵਰਨ ਚੰਗਾ ਹੋਣਾ ਚਾਹੀਦਾ ਹੈ ਕਿਉਂਕਿ ਵਾਤਾਵਰਨ ਬੱਚੇ ਦੇ ਜੀਵਨ ਨੂੰ ਪ੍ਰਭਾਵਿਤ ਕਰਦਾ ਹੈ। ਅਧਿਆਪਕਾਂ ਵੱਲੋਂ ਅੱਖਰੀ ਗਿਆਨ ਦੇ ਨਾਲ-ਨਾਲ ਬੱਚਿਆਂ ਨੂੰ ਵਿਹਾਰਕ, ਨੈਤਿਕ ਤੇ ਸਰੀਰਕ ਸਿੱਖਿਆ ਵੀ ਦਿੱਤੀ ਜਾਣੀ ਚਾਹੀਦੀ ਹੈ। ਬੱਚੇ ਦਾ ਦ੍ਰਿਸ਼ਟੀਕੋਣ ਵਿਕਸਿਤ ਕਰਨ ਵਿਚ ਸਕੂਲ ਅਹਿਮ ਭੂਮਿਕਾ ਨਿਭਾਉਂਦਾ ਹੈ।

ਅਧਿਆਪਕਾਂ ਨੂੰ ਬੱਚਿਆਂ 'ਚ ਚੰਗੀਆਂ ਕਿਤਾਬਾਂ ਪੜ੍ਹਨ ਦੀ ਰੁਚੀ, ਰਸਾਲੇ, ਅਖ਼ਬਾਰਾਂ ਪੜ੍ਹਨ, ਸਖ਼ਤ ਮਿਹਨਤ ਕਰਨ, ਅਨੁਸ਼ਾਸਨ ਬਣਾ ਕੇ ਰੱਖਣ, ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ, ਸੱਚ ਦੇ ਮਾਰਗ 'ਤੇ ਚੱਲਣ, ਨਕਲ ਨਾ ਕਰਨਾ ਆਦਿ ਚੰਗੀਆਂ ਗੱਲਾਂ ਬੱਚੇ ਅੰਦਰ ਵਿਕਸਿਤ ਕਰਨੀਆਂ ਚਾਹੀਦੀਆਂ ਹਨ, ਤਾਂ ਜੋ ਉਹ ਦੇਸ਼ ਦੇ ਜਾਗਰੂਕ ਨਾਗਰਿਕ ਅਤੇ ਵਧੀਆ ਇਨਸਾਨ ਵਜੋਂ ਵਿਕਸਿਤ ਹੋ ਸਕਣ।

**ਗੁਰੂ ਸਾਹਿਬਾਨਾਂ ਦੇ ਉਪਦੇਸ਼ਾਂ ਬਾਰੇ ਜਾਵੇ ਸਮਝਾਇਆ**

ਇਸ ਤੋਂ ਬਾਅਦ ਬੱਚੇ ਦਾ ਸਿੱਖਿਆ ਕੇਂਦਰ ਗੁਰੂ ਘਰ ਹੈ ਯਾਨੀ ਧਾਰਮਿਕ ਸੰਸਥਾਵਾਂ। ਬੱਚੇ ਦਾ ਚਰਿੱਤਰ ਨਿਰਮਾਣ ਕਰਨ 'ਚ ਧਾਰਮਿਕ ਸੰਸਥਾਵਾਂ ਦਾ ਬਹੁਤ ਵੱਡਾ ਯੋਗਦਾਨ ਹੈ। ਬੱਚਿਆਂ ਨੂੰ ਦੱਸਿਆ ਜਾਵੇ ਕਿ ਗੁਰਬਾਣੀ ਸਾਨੂੰ ਕੀ ਸਿੱਖਿਆ ਦਿੰਦੀ ਹੈ, ਗੁਰੂ ਸਾਹਿਬਾਨਾਂ ਦੇ ਦਿੱਤੇ ਉਪਦੇਸ਼ਾਂ ਬਾਰੇ ਉਨ੍ਹਾਂ ਨੂੰ ਸਮਝਾਇਆ ਜਾਵੇ ਤਾਂ ਜੋ ਉਹ ਸਿੱਖੀ ਦੇ ਅਮੀਰ ਵਿਰਸੇ ਨਾਲ ਜੁੜ ਸਕਣ। ਇਸ ਨਾਲ ਬੱਚੇ ਦਾ ਚੰਗਾ ਚਰਿੱਤਰ ਨਿਰਮਾਣ ਹੋ ਸਕਦਾ ਹੈ। ਬੱਚੇ ਵਿਚ ਸਹਿਜ, ਸੰਜਮ, ਧੀਰਜ, ਦਇਆ, ਸਬਰ-ਸੰਤੋਖ, ਸਹਿਣਸ਼ੀਲਤਾ ਜਿਹੇ ਗੁਣ ਵਿਕਸਿਤ ਹੁੰਦੇ ਹਨ। ਬੱਚਾ ਚੰਗਾ ਮਨੁੱਖ ਬਣ ਕੇ ਚੰਗੇ ਸਮਾਜ ਦੀ ਸਿਰਜਣਾ ਕਰੇਗਾ। ਇਕ ਚੰਗੇ ਸਮਾਜ ਵਿੱਚੋਂ ਹੀ ਚੰਗੇ ਇਨਸਾਨ, ਅਧਿਆਪਕ, ਰਾਜਨੀਤਕ ਤੇ ਧਾਰਮਿਕ ਆਗੂ, ਡਾਕਟਰ, ਇੰਜੀਨੀਅਰ ਤੇ ਚੰਗੇ ਵਕੀਲ ਪੈਦਾ ਹੋਣਗੇ।

**- ਵੀਰਪ੍ਰੀਤ ਕੌਰ**

ੴ ਸਤਿਗੁਰ ਪ੍ਰਸਾਦਿ॥

॥ ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

*In Loving Memory Of*

# Baldev (Charlie) Singh Sangha

## who passed away to Waheguru's embrace

May 10, 1966 - March 20, 2026



With heavy hearts, we ask that you join us as we celebrate and honour the life, love, and legacy of Charlie Singh Sangha, a beloved husband, father, brother, and friend.

**Funeral Service on Saturday, March 28**

10:00 AM
Antam Darshan & Ardaas
Country Hills Crematorium
11995 16 St NE, Calgary, AB
T3K 5Y7

1:00 PM
Bhog Sri Sehaj Paath
Dashmesh Culture Center (Main Hall)
135 Martindale Blvd NE, Calgary, AB
T3J 2X5

Sukhdev (Dave) Singh Sangha
403 472 7930

Satpal (Neil) Singh Sangha
403 852 5520

# Victoria Store NOW OPEN!!!
## 306 Burnside Road

SABZI MANDI SUPERMARKET
*Serving our Community since 2003*

HAPPY NAVRATRI
हैप्पी नवरात्रि
**Happy Navratri!**

HOT PRICE
TAIWAN FRUIT FESTIVAL
LARGE GUAVA
ਵੱਡੇ ਅਮਰੂਦ
3.49 /lb

HOT PRICE
TAIWAN FRUIT FESTIVAL
MURCOTT MANDARIN ORANGES
ਮਰਕੌਟ ਮੈਨਡਰਿਨ ਸੰਗਤਰੇ
1.29 /lb

HOT PRICE
FRESH CILANTRO
ਧਨੀਆਂ
Bunch
2 for 99¢

HOT PRICE
JUMBO CAULIFLOWER
ਵੱਡਾ ਗੋਭੀ ਦਾ ਫੁੱਲ
2.69 ea

TILDA BASMATI RICE
ਟਿਲਡਾ ਬਾਸਮਤੀ ਚਾਵਲ
4kg
14.99 ea

## UNBEATABLE DEALS
### ACADEMY FARMS BUFFALO MILK
ਅਕੈਡੈਮੀ ਫਾਰਮਜ਼ ਮੱਝ ਦਾ ਦੁਧ
1L
4.99 ea

PEELED GARLIC
ਲਸਣ
5lb Jar
8.99 ea

TATA AGNI TEA
ਟਾਟਾ ਅੱਗਨੀ ਚਾਹ
1kg
9.99 ea

JUMBO EGGPLANT
ਵੱਡੇ ਵਤਾਊਂ
2 for $4

GITS READY-TO-EAT
ਗਿਟਸ ਰੈਡੀ-ਟੂ-ਈਟ
300g
2 for $6

HANS GUR ATTA BISCUITS PIPA
ਹਾਨਸ ਗੁਰ ਆਟਾ ਬਿਸਕੁਟ ਪੀਪਾ
1.8kg
13.99 ea

BAAZ DURAM ATTA
ਬਾਜ਼ ਦੁਰਮ ਆਟਾ
20lb
11.99 ea

ROSHNI BASMATI RICE
ਰੋਸ਼ਨੀ ਬਾਸਮਤੀ ਚਾਵਲ
8lb
8.99 ea

INDIAN STYLE RED CARROTS
ਦੇਸੀ ਸਟਾਈਲ ਲਾਲ ਗਾਜਰਾਂ
99¢ /lb

PUNJABI BY NATURE MUSTARD OIL
ਪੰਜਾਬੀ ਬਾਈ ਨੇਚਰ ਸਰੋਂ ਦਾ ਤੇਲ
1L
5.99 ea

NPS #1 ALMONDS
ਬਦਾਮ
5.99 /lb

PUNJABI BY NATURE SUJI RUSK
ਪੰਜਾਬੀ ਬਾਈ ਨੇਚਰ ਸੂਜੀ ਰੱਸਕ
600g
3.99 ea

HULLY GULLY PUFFS
ਹੱਲੀ ਗੱਲੀ ਪੱਫਜ਼
Asst., 120g
2 for $3

FRESH SPINACH
ਪਾਲਕ
Bunch
1.49 ea

IZU'S AMRITSARI PANEER
ਇਜ਼ੂਜ਼ ਅਮਰਿਤਸਰੀ ਪਨੀਰ
250g
4.99 ea

RUSSET POTATOES
ਆਲੂ
10lb
3.99 ea

INDIAN KARELA
ਦੇਸੀ ਕਰੇਲੇ
2.49 /lb

FRESH METHI
ਮੇਥੀ
Bunch
1.99 ea

FRESH GINGER/GARLIC
ਅੱਦਰਕ/ਲਸਣ
Bunch
1.29 /lb

PROUDLY CANADIAN • PROUDLY PUNJABI!

Western Union
Western Union Money Transfers and Calling Cards available at all locations. 24 hour rate info line: 604-634-2400

ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ

SALES DATES: Fri. March 27, 2026 - Wed. April 01, 2026

MasterCard VISA AMERICAN EXPRESS Interac
American Express accepted at three locations.
Prices in effect while quantities last and are subject to change without notice. We reserve the right to limit quantities. Photos are for illustrative purposes only and may not depict actual sale item.

SABZI MANDI SUPERMARKET

*STORES OPEN 7 DAYS A WEEK*
Visit one of our great locations so we can serve you today!

| | | | |
|---|---|---|---|
| NEWTON STORE: #106 - 12568 72nd Ave., Surrey | 604-590-2400 | BURNABY: 7565 6th Street, Burnaby | 604-553-6603 |
| NEWTON 80th AVENUE: 13208 80th Ave., Surrey | 778-565-7880 | RICHMOND: 9371 No 5 Rd, Richmond | 604-285-2400 |
| NEWTON EXCHANGE: 101-13753 72 Ave., Surrey | 604-581-2400 | NEWTON 64 AVE: 140- 6350 120 st, Surrey | 778-565-1266 |
| NEWTON EAST: 15299 68th Ave., Surrey | 604-598-8006 | LANGLEY: #50 – 20150 Langley Bypass, Langley | 604-427-3912 |
| ABBOTSFORD: 31831 S. Fraser Way, Abbotsford | 604-864-9193 | ABBOTSFORD: 2777 Gladwin Road, Abbotsford | 604-744-2077 |

You can also visit us online at www.sabzimandicanada.com

Prices in effect at the above listed store locations only.